ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA

ਫਰਵਰੀ ੧੯੯੭



ਸ਼ਹੀਦ ਬਾਬਾ ਦੀਪ ਸਿੰਘ ਜੀ

FEBRUARY 1997

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧. ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ | ੧ | ੧੦. ਭਗਤ ਰਵੀਦਾਸ ਜੀ | ੨੦ |
| ੨. ਅਰਥ ਵਿਆਖਿਆ | ੨ | ੧੧. ਗੁਰੂ ਹਰਿ ਰਾਏ ਜੀ | ੨੨ |
| ੩. ਰਾਮ ਨਾਮ ਕਉ ਨਸਮਕਾਰ | ੪ | ੧੨. ਸਤਿਗੁਰਨਾਨਕ ਦੇਵ ਜੀ ਦੀ ਅੱਤ ਉੱਚੀ ਵਡਿਆਈ | ੨੩ |
| ੪. ਆਨਮਤੀ ਕਰਮ ਤੇ ਤੀਰਥ | ੫ | | |
| ੫. ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸਤਿਨਾਮ | ੬ | ੧੩. ਨਿਆਰਾ ਖਾਲਸਾ | ੨੭ |
| ੬. ਬਾਬਾ ਦੀਪ ਸਿੰਘ ਜੀ ਸ਼ਹੀਦ | ੧੦ | ੧੪. ਵਡਿਆਈ ਦੀ ਭੁੱਖ | ੩੧ |
| ੭. ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ (ਕਵਿਤਾ) | ੧੪ | ੧੫. ਨਾਮ | ੩੨ |
| ੮ ਸ਼ਹੀਦੀ ਸਾਕਾ ਨਨਕਾਣਾ ਸਾਹਿਬ | ੧੬ | ੧੬. Development of Sikhism | ੩੭ |
| ੯. ਮਰਦ ਅਗੰਮੜਾ-ਅਦੁੱਤੀ ਜੋਧਾ | ੧੭ | ੧੭. ਸਰਬ ਰੋਗ ਕਾ ਅਉਖਦ ਨਾਮ | ੪੦ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਸ਼ਹੀਦੀ ਦਿਨ ਬਾਬਾ ਦੀਪ ਸਿੰਘ ਜੀ ਸ਼ਹੀਦ 9 ਫਰਵਰੀ | ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ 20 ਫਰਵਰੀ |
| ਪ੍ਰਕਾਸ਼ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ 20 ਫਰਵਰੀ | ਸ਼ਹੀਦੀ ਸਾਕਾ ਗੰਗਸਰ ਜੈਤੋ 21 ਫਰਵਰੀ |
| ਜਨਮ ਭਗਤ ਰਵਿਦਾਸ ਜੀ 22 ਫਰਵਰੀ | |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯. ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮੁਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨੧੭
੧੨ ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋੜ।
ਸੂਚਨਾ – ਹਰ ਐਤਵਾਰ 'ਸੂਰਾਂ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel. ੦੧੭੩੪–੨੬੭੯੦੦
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੬੧੮੬੩੪੮੪੧.
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :- ਮਾਇਆ 'ਸੂਰਾ' ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-2 ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੇ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੧
ਫਰਵਰੀ ੧੯੯੭
ਅੰਕ ੨

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ
ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ।।
ਨਿਰਬਾਂਣ ਕੀਰਤਨੁ ਗਾਵਹੁ ਕਰਤੇ ਕਾ ਸਿਮਰਤ ਜਿਤੁ ਛੂਟੈ।।
(ਸੂਹੀ ਮ: ੫, ਪੰਨਾ ੭੪੭)

## ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ

ਅਸੁਮੇਧ ਜਗਨੇ।। ਤੁਲਾ ਪੁਰਖ ਦਾਨੇ।। ਪ੍ਰਾਗ ਇਸਨਾਨੇ।।੧।।
ਤਉ ਨ ਪੁਜਹਿ ਹਰਿ ਕੀਰਤਿ ਨਾਮਾ।।
ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ।। ੧।। ਰਹਾਉ।।
ਗਇਆ ਪਿੰਡੁ ਭਰਤਾ।। ਬਨਾਰਸਿ ਅਸਿ ਬਸਤਾ।।
ਮੁਖਿ ਬੇਦ ਚਤੁਰ ਪੜਤਾ।।੨।।
ਸਗਲ ਧਰਮ ਅਛਿਤਾ।। ਗੁਰ ਗਿਆਨ ਇੰਦ੍ਰੀ ਦ੍ਰਿੜਤਾ।।
ਖਟੁ ਕਰਮ ਸਹਿਤ ਰਹਤਾ।। ੩।।
ਸਿਵਾ ਸਕਤਿ ਸੰਬਾਦੰ।। ਮਨ ਛੋਡਿ ਛੋਡਿ ਸਗਲ ਭੇਦੰ।।
ਸਿਮਰਿ ਸਿਮਰਿ ਗੋਬਿੰਦੰ।। ਭਜੁ ਨਾਮਾ ਤਰਸਿ ਭਵ ਸਿੰਧੰ।।੪।।੧।।
(ਗੋਂਡ, ਨਾਮਦੇਉ ਜੀ, ਪੰਨਾ, ੮੭੩)

ਪਦ ਅਰਥ :- ਅਸੁਮੇਧ ਜਗਨੇ-ਅਸਮੇਧ ਜੱਗ, (ਪੁਰਾਣੇ ਸਮੇਂ ਵਿਚ ਸੱਭ ਤੋਂ ਵੱਡਾ ਰਾਜਾ ਅਖਵਾਉਣ ਦੀ ਖਾਤਰ ਇੱਕ ਘੋੜਾ ਸਜਾ ਕੇ ਇੱਕ ਸਾਲ ਲਈ ਛੱਡ ਦਿੱਤਾ ਜਾਂਦਾ ਸੀ, ਜਿਸ ਉਪਰੋ ਰਾਜਵਾੜੇ ਵਿਚੋਂ ਘੋੜਾ ਲੰਘੇ ਉਹ ਰਾਜਾ ਜਾਂ ਲੜੇ ਜਾਂ ਈਨ ਮੰਨੇ। ਸਾਲ ਪਿਛੋਂ ਜਦੋਂ ਘੋੜਾ ਮੁੜ ਆਪਣੇ ਰਾਜ ਵਿਚ ਆਵੇ ਤਾਂ ਜੱਗ ਕੀਤਾ ਜਾਂਦਾ ਸੀ।) ਤੁਲਾ-ਤੋਲ ਦੇ ਬਰਾਬਰ ਦਾ! ਪ੍ਰਾਗ-ਹਿੰਦੂ ਤੀਰਥ (ਅੱਜ ਕਲ੍ਹ ਦਾ ਨਾਮ ਅਲਾਹਾਬਾਦ ਹੈ।)।੧।

ਗਇਆ-ਹਿੰਦੂ ਤੀਰਥ (ਜਿਹੜਾ ਹਿੰਦੂ ਦੀਵੇ-ਵੱਟੀ ਖੁਣੋਂ ਮਰ ਜਾਏ ਉਸ ਦੀ ਕਿਰਿਆ *'ਗਇਆ'* ਜਾ ਕੇ ਕਰਾਈ ਜਾਂਦੀ ਹੈ। ਪਿੰਡ-ਚਉਲਾਂ ਜਾਂ ਜੌਂ ਦੇ ਆਟੇ ਦੇ ਪੇੜੇ ਜੋ ਪਿਤਰਾਂ ਨਮਿਤ ਮਣਸੀਦੇ ਹਨ। ਅਸਿ-ਬਨਾਰਸ ਦੇ ਨਾਲ ਵਗਦੀ ਨਦੀ। ਮੁਖਿ-ਮੂੰਹੋਂ। ਚਤੁਰ-ਚਾਰ।੨।

ਸਗਲ ਧਰਮ ਅਛਿਤਾ-ਧਰਮ ਦੇ ਸਾਰੇ ਕੰਮ ਕਰਦਿਆਂ। ਦ੍ਰਿੜਤਾ-ਪੱਕੀ ਤਰ੍ਹਾਂ ਪਕੜੇ, ਵੱਸ ਵਿਚ ਰੱਖੇ। ਖਟੁ ਕਰਮ- ਛੇ ਕੰਮ (ਵਿੱਦਿਆ ਪੜ੍ਹਨੀ ਤੇ ਪੜ੍ਹਾਉਣੀ, ਦਾਨ ਦੇਣਾ ਤੇ ਲੈਣਾ, ਜੱਗ ਕਰਨਾ ਤੇ ਕਰਾਉਣਾ।)।੩।

ਸਿਵਾ ਸਕਤਿ ਸੰਬਾਦੰ- ਸ਼ਿਵ ਤੇ ਪਾਰਬਤੀ ਦੀ ਆਪੋ ਵਿਚ ਗੱਲ-ਬਾਤ, ਰਾਮਾਇਣ (ਸ਼ਿਵ ਜੀ ਨੇ ਪਾਰਬਤੀ ਨੂੰ ਇਹ ਵਾਰਤਾ ਵਾਪਰਨ ਤੋਂ ਪਹਿਲਾਂ ਹੀ ਸੁਣਾਈ ਦੱਸੀ ਜਾਂਦੀ ਹੈ।) ਭੇਦੰ-ਪ੍ਰਭੂ ਤੋਂ ਲੁਕੋ ਕੇ ਰੱਖਣ ਵਾਲਾ ਕੰਮ। ਤਰਸਿ-ਤਰੇਂਗਾ, ਪਾਰ ਲੰਘੇਗਾ। ਭਵਸਿਧੰ- ਭਵਸਾਗਰ, ਸੰਸਾਰ-ਸਮੁੰਦਰ।੪।



www.AKJ.Org

# ਅਰਥ ਵਿਆਖਿਆ

ਅਰਥ :- ਜੇ ਕੋਈ ਮਨੁੱਖ ਅਸਮੇਧ ਜੱਗ ਕਰੇ, ਆਪਣੇ ਬਰਾਬਰ ਤੋਲ ਕੇ ਸੋਨਾ ਚਾਂਦੀ ਆਦਿਕ ਦਾਨ ਕਰੇ ਅਤੇ ਪ੍ਰਾਗ ਆਦਿ ਤੀਰਥਾਂ ਤੇ ਇਸ਼ਨਾਨ ਕਰੇ ਤਾਂ ਭੀ ਇਹ ਸਾਰੇ ਕੰਮ ਹਰੀ ਪ੍ਰਭੂ ਦੇ ਨਾਮ ਤੇ ਸਿਫਤਿ ਸਲਾਹ ਦੀ ਬਰਾਬਰੀ ਨਹੀਂ ਕਰ ਸਕਦੇ। ਸੋ, ਹੇ ਮੇਰੇ ਆਲਸੀ ਮਨ ! ਆਪਣੇ ਪਿਆਰੇ ਪ੍ਰਭੂ ਨੂੰ ਸਿਮਰ।

ਜੇ ਮਨੁੱਖ ਗਇਆ ਤੀਰਥ ਜਾ ਕੇ ਆਪਣੇ ਪਿੱਤਰਾਂ ਨਿਮਿੱਤ ਪਿੰਡ ਭਰਾਏ, ਜੇ ਬਨਾਰਸ (ਕਾਂਸ਼ੀ) ਦੇ ਨਾਲ ਵਗਦੀ ਅਸਿ ਨਦੀ ਦੇ ਕੰਢੇ ਵਸਦਾ (ਰਹਿੰਦਾ) ਹੋਵੇ, ਜੇ ਮੂੰਹੋਂ ਚਾਰੇ ਵੇਦ ਜ਼ਬਾਨੀ ਪੜ੍ਹਦਾ ਹੋਵੇ, ਜੇ ਮਨੁੱਖ ਸਾਰੇ ਕਰਮ ਧਰਮ ਕਰਦਾ ਹੋਵੇ, ਆਪਣੇ ਗੁਰੂ ਦੀ ਸਿੱਖਿਆ ਲੈ ਕੇ ਇੰਦ੍ਰੀਆਂ ਨੂੰ ਕਾਬੂ ਵਿਚ ਰੱਖਦਾ ਹੋਵੇ ,ਜੇ ਬ੍ਰਾਹਮਣਾਂ ਵਾਲੇ ਛੇ ਹੀ ਕਰਮ ਸਦਾ ਕਰਦਾ ਰਹੇ ,ਰਾਮਾਇਣ ਆਦਿ ਦਾ ਪਾਠ ਆਦਿ ਵੀ ਕਰਦਾ ਹੋਵੇ ,ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਹੇ ਮੇਰੇ ਮਨ ! ਇਹ ਸਾਰੇ ਕਰਮ ਛੱਡ ਦੇਹ, ਛੱਡ ਦੇਹ, ਇਹ ਸੱਭ ਪ੍ਰਭੂ ਤੋਂ ਦੂਰ ਰੱਖਣ ਵਾਲੇ ਹੀ ਹਨ, ਪ੍ਰਭੂ ਦਾ ਭਜਨ ਕਰ, ਨਾਮ ਸਿਮਰ, ਨਾਮ ਸਿਮਰਿਆਂ ਹੀ ਭਵਸਾਗਰ (ਸੰਸਾਰ ਸਾਗਰ) ਤੋਂ ਪਾਰ ਲੰਘੇਂਗਾ।੪।੧।

ਵਿਆਖਿਆ :- ਇਸ ਸ਼ਬਦ ਵਿਚ ਭਗਤ ਨਾਮ ਦੇਵ ਜੀ ਇਹ ਸਿੱਟਾ ਕੱਢਦੇ ਹਨ ਕਿ ਜੱਗ, ਦਾਨ, ਤੀਰਥ ਇਸ਼ਨਾਨ ਆਦਿਕ ਕੋਈ ਵੀ ਕਰਮ ਪ੍ਰਭੂ-ਨਾਮ ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦਾ। ਇਹੋ ਜਿਹਾ ਸ਼ਬਦ ਭਗਤ ਜੀ ਦਾ ਉਚਾਰਨ ਕੀਤਾ ਹੋਇਆ ਰਾਗ ਰਾਮ ਕਲੀ ਵਿਚ ਵੀ ਹੈ ਜਿਸ ਵਿਚ ਉਹ ਕਹਿੰਦੇ ਹਨ -

"ਛੋਡਿ ਛੋਡਿ, ਰੇ ਪਾਖੰਡੀ ਮਨ, ਕਪਟੁ ਨ ਕੀਜੈ।।
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ।। ੧।। ਰਹਾਉ।
(ਪੰਨਾ੯੭੩)

ਹੋਰ ਕਰਮਾਂ ਨਾਲੋਂ ਸਿਮਰਨ ਦੀ ਮਹਾਨਤਾ ਦਰਸਾਉਂਦੇ ਹੋਏ ਉਹ ਇਉਂ ਬਿਆਨ ਕਰਦੇ ਹਨ-

ਬਾਨਾਰਸੀ ਤਪੁ ਕਰੈ ਉਲਟਿ,
ਤੀਰਥ ਮਰੈ, ਅਗਨਿ ਦਹੈ,
ਕਾਇਆ ਕਲਪੁ ਕੀਜੈ।।
ਅਸੁਮੇਧ ਜਗੁ ਕੀਜੈ, ਸੋਨਾ ਗਰਭ ਦਾਨੁ ਦੀਜੈ,
ਰਾਮ ਨਾਮ ਸਰਿ ਤਊ ਨ ਪੂਜੈ।। ੧।।

ਭਾਵ ਜੇ ਕੋਈ ਮਨੁੱਖ ਕਾਂਸ਼ੀ ਜਾ ਕੇ ਉਲਟਾ ਲਟਕ ਕੇ ਤਪ ਕਰੇ, ਤੀਰਥਾਂ ਤੇ ਸਰੀਰ ਤਿਆਗੇ (ਹਿੰਦੂਆਂ ਵਿਚ ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਬਨਾਰਸ ਵਿਚ ਜਾ ਕੇ ਸਰੀਰ ਤਿਆਗਣ ਨਾਲ ਮੁਕਤੀ ਹੋ ਜਾਂਦੀ ਹੈ), ਧੂਣੀਆਂ ਦੀ ਅੱਗ ਵਿਚ ਸੜੇ ਜਾਂ ਜੋਗ-ਅਭਿਆਸ ਆਦਿਕ ਨਾਲ ਸਰੀਰ ਨੂੰ ਚਿਰੰਜੀਵੀ ਕਰ ਲਏ, ਜੇ ਕੋਈ ਅਸਮੇਧ ਜੱਗ ਕਰੇ ਜਾਂ ਸੋਨਾ ਫਲਾਂ ਆਦਿਕ ਵਿਚ ਲੁਕਾ ਕੇ ਦਾਨ ਕਰੇ ਤਾਂ ਭੀ ਇਹ ਕੰਮ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

ਗੰਗਾ ਜਉ ਗੋਦਾਵਰਿ ਜਾਈਐ,
ਕੁੰਭਿ ਜਉ ਕੇਦਾਰ ਨਾਈਐ,
ਗੋਮਤੀ ਸਹਸ ਗਊ ਦਾਨੁ ਕੀਜੈ।।
ਕੋਟਿ ਜਉ ਤੀਰਥ ਕਰੈ, ਤਨੁ ਜਉ ਹਿਵਾਲੇ ਗਾਰੈ,
ਰਾਮ ਨਾਮ ਸਰਿ ਤਊ ਨ ਪੂਜੈ।। ੨।।

ਭਾਵ ਕੁੰਭ ਦੇ ਮੇਲੇ ਤੇ ਜੇ ਗੰਗਾ ਜਾਂ ਗੋਦਾਵਰੀ ਤੀਰਥ ਤੇ ਜਾਈਏ, ਕੇਦਾਰ ਤੀਰਥ ਤੇ ਇਸ਼ਨਾਨ ਕਰੀਏ ਜਾਂ ਗੋਮਤੀ ਨਦੀ ਦੇ ਕੰਢੇ ਹਜ਼ਾਰ ਗਊਆਂ ਦਾ ਦਾਨ ਕਰੀਏ, ਜੇ ਕੋਈ ਕ੍ਰੋੜਾਂ ਵਾਰੀ ਤੀਰਥ ਯਾਤਰਾ ਕਰੇ ਜਾਂ ਆਪਣਾ ਸਰੀਰ ਹਿਮਾਲਾ ਪਰਬਤ ਦੀ ਬਰਫ ਵਿਚ ਗਾਲ਼ ਦੇਵੇ ਤਾਂ ਭੀ ਇਹ ਸਾਰੇ ਕੰਮ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

ਅਸੁ ਦਾਨ, ਗਜ ਦਾਨ, ਸਿਹਜਾ ਨਾਰੀ ਭੂਮਿ ਦਾਨ,
ਐਸੋ ਦਾਨੁ ਨਿਤ ਨਿਤਹਿ ਕੀਜੈ।।
ਆਤਮ ਜਉ ਨਿਰਮਾਇਲੁ ਕੀਜੈ,
ਆਪ ਬਰਾਬਰਿ ਕੰਚਨੁ ਦੀਜੈ,
ਰਾਮ ਨਾਮ ਸਰਿ ਤਊ ਨ ਪੂਜੈ।। ੩।।

ਭਾਵ ਜੇ ਘੋੜੇ ਦਾਨ ਕਰੀਏ, ਹਾਥੀ ਦਾਨ ਕਰੀਏ, ਸੇਜ ਦਾਨ ਕਰੀਏ, ਆਪਣੀ ਇਸਤਰੀ ਦਾਨ ਕਰ ਦੇਈਏ, ਆਪਣੀ ਜ਼ਮੀਨ ਦਾਨ ਕਰ ਦੇਈਏ, ਜੇ ਸਦਾ ਹੀ ਅਜਿਹਾ ਕੋਈ ਨ ਕੋਈ ਦਾਨ ਕਰਦੇ ਹੀ ਰਹੀਏ, ਜੇ ਆਪਣਾ ਆਪ ਵੀ ਭੇਟ ਕਰ ਦੇਈਏ, ਜੇ ਆਪਣੇ ਬਰਾਬਰ ਤੋਲ ਕੇ ਸੋਨਾ ਦਾਨ ਕਰੀਏ ਤਾਂ ਭੀ ਇਹ ਸਾਰੇ ਕੰਮ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

ਜਿਵੇਂ ਭਗਤ ਨਾਮ ਦੇਵ ਜੀ ਨੇ ਆਪਣੀ ਬੰਦ ਖਲਾਸੀ (ਮੁਕਤੀ) ਲਈ ਲੋਕਾਂ ਵਲੋਂ ਅਪਨਾਏ ਜਾਂਦੇ ਅਨੇਕ ਪ੍ਰਕਾਰ ਦੇ ਕਰਮ ਕਾਂਡਾਂ ਦਾ ਵਰਣਨ ਕਰ ਕੇ ਇਸ ਤੱਥ ਨੂੰ ਸਮਝਾਇਆ ਹੈ ਕਿ-

'ਤਉ ਨ ਪੁਜਹਿ ਹਰਿ ਕੀਰਤਿ ਨਾਮਾ' ਇਸੇ ਹੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਦੇ ਪੰਨਾ ੬੨ ਵਾਲੇ ਸ਼ਬਦ ਵਿੱਚ ਇਉਂ ਬਿਆਨ ਕੀਤਾ ਹੈ-

ਤਨੁ ਬੈਸੰਤਰਿ ਹੋਮੀਐ,
ਇਕ ਰਤੀ ਤੋਲਿ ਕਟਾਇ।।
ਤਨੁ ਮਨੁ ਸਮਧਾ ਜੇ ਕਰੀ,
ਅਨਦਿਨੁ ਅਗਨਿ ਜਲਾਇ।।



www.AKJ.Org

ਹਰਿ ਨਾਮੈ ਤੁਲਿ ਨ ਪੁਜਈ,
ਜੇ ਲਖ ਕੋਟੀ ਕਰਮ ਕਮਾਇ।। ੨।।

ਭਾਵ ਜੇ ਆਪਣੇ ਸਰੀਰ ਨੂੰ ਕੱਟ ਕੱਟ ਕੇ ਇਕ ਇਕ ਰੱਤੀ ਭਰ ਤੋਲ ਤੋਲ ਕੇ ਅੱਗ ਵਿਚ ਹਵਨ ਕਰ ਦਿੱਤਾ ਜਾਏ, ਜੇ ਮੈਂ ਆਪਣੇ ਸਰੀਰ ਤੇ ਮਨ ਨੂੰ ਹਵਨ ਦੀ ਸਾਮਗ੍ਰੀ ਬਣਾ ਦਿਆਂ ਤੇ ਹਰ ਰੋਜ਼ ਇਨ੍ਹਾਂ ਨੂੰ ਅੱਗ ਵਿਚ ਸਾੜਾਂ, ਜੇ ਇਹੋ ਜਿਹੇ ਹੋਰ ਲੱਖਾਂ ਕ੍ਰੋੜਾਂ ਕੰਮ ਕੀਤੇ ਜਾਣ ਤਾਂ ਭੀ ਕੋਈ ਕਰਮ ਪ੍ਰਭੂ ਦੇ ਨਾਮ ਦੀ ਬ਼ਰਾਬਰੀ ਤੱਕ ਨਹੀਂ ਪਹੁੰਚ ਸਕਦਾ।

ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ।।
ਤਨੁ ਹੈਮੰਚਲਿ ਗਾਲੀਐ, ਭੀ ਮਨ ਤੇ ਰੋਗੁ ਨ ਜਾਇ।।
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ।।੩।।

ਭਾਵ ਜੇ ਸਰੀਰ ਉਤੇ ਆਰਾ ਰੱਖ ਕੇ ਸਰੀਰ ਨੂੰ ਦੋਫਾੜ ਚਿਰਾ ਦਿੱਤਾ ਜਾਏ, ਜੇ ਸਰੀਰ ਨੂੰ ਹਿਮਾਲਿਆ ਪਰਬਤ ਦੀ ਬਰਫ ਵਿਚ ਗਾਲ ਦਿੱਤਾ ਜਾਏ ਤਾਂ ਵੀ ਮਨ ਵਿਚੋਂ ਹਉਮੈ ਆਦਿਕ ਰੋਗ ਦੂਰ ਨਹੀਂ ਹੁੰਦਾ। ਗੁਰੂ ਜੀ ਕਹਿੰਦੇ ਹਨ ਕਿ ਕਰਮ ਕਾਂਡ ਦੀ ਸਾਰੀ ਹੀ ਮਰਯਾਦਾ ਮੈਂ ਚੰਗੀ ਤਰ੍ਹਾਂ ਪਰਖ ਕੇ ਦੇਖ ਲਈ ਹੈ, ਕੋਈ ਵੀ ਕਰਮ ਪ੍ਰਭੂ ਦੇ ਸਿਮਰਨ ਦੇ ਬਰਾਬਰ ਨਹੀਂ ਅਪੱੜਦਾ।

ਆਸਾ ਰਾਗ ਵਿਚ ਪੰਚਮ ਪਾਤਸ਼ਾਹ ਫੁਰਮਾਉਂਦੇ ਹਨ-

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ।।
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ।। ੩।।
(ਪੰਨਾ ੪੦੧)

ਭਾਵ ਮਿਥੇ ਹੋਏ ਨੇਕ ਕਰਮ, ਦਾਨ, ਜਪ ਤੇ ਤਪ ਆਦਿ ਸਭਨਾਂ ਤੋਂ ਸ੍ਰੇਸ਼ਟ ਕਰਮ ਪ੍ਰਭੂ ਦਾ ਨਾਮ ਸਿਮਰਨ ਹੈ। ਜਿਹੜਾ ਮਨੁੱਖ ਆਪਣੀ ਜੀਭ ਨਾਲ ਪਰਮਾਤਮਾ ਦਾ ਨਾਮ ਜਪਦਾ ਹੈ ਉਸ ਦਾ ਜੀਵਨ ਮਨੋਰਥ (ਕਾਮੁ) ਸਫਲ ਹੋ ਜਾਂਦਾ ਹੈ।

ਮਨਮੁਖ ਬੰਦੇ ਜਿੰਨਾਂ ਵੀ ਪੁੰਨ ਦਾਨ ਕਰਦੇ ਹਨ ਉਸ ਨਾਲ ਉਨ੍ਹਾਂ ਦੇ ਹੰਕਾਰ ਵਿਚ ਹੀ ਵਾਧਾ ਹੁੰਦਾ ਹੈ। ਉਨ੍ਹਾਂ ਦਾ ਕੀਤਾ ਦਾਨ ਪੁੰਨ ਧਰਮਰਾਜ ਦੇ ਹਵਾਲੇ ਹੀ ਹੁੰਦਾ ਹੈ। ਉਨ੍ਹਾਂ ਦਾ ਕੀਤਾ ਸਾਰਾ ਉੱਦਮ ਵਿਅਰਥ ਜਾਂਦਾ ਹੈ, ਪਰਮਾਤਮਾ ਦੀ ਹਜ਼ੂਰੀ ਵਿੱਚ ਪ੍ਰਵਾਨ ਨਹੀਂ ਹੁੰਦਾ।

ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ।।
ਕੀਤਾ ਕਰਤਿਆ ਬਿਰਥਾ ਗਇਆ,
ਇਕੁ ਤਿਲੁ ਥਾਇ ਨ ਪਾਈ।।
ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ।।
(ਪੰਨਾ ੧੪੧੪)

ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ, ਮਨੁੱਖ ਜਨਮ ਮਰਨ ਦੇ ਗੇੜ ਵਿਚ ਹੀ ਪਿਆ ਰਹਿੰਦਾ ਹੈ, ਧਰਮਰਾਜ ਦੇ ਅਧੀਨ ਹੀ ਰਹਿੰਦਾ ਹੈ ਤੇ ਮਾਇਆ ਦੇ ਮੋਹ ਕਾਰਨ ਖੁਆਰ ਹੀ ਹੁੰਦਾ ਹੈ।

"ਬਿਨੁ ਸਤਿਗੁਰੂ ਜਮਕਾਲੁ ਨ ਛੋਡਈ,
ਦੂਜੈ ਭਾਇ ਖੁਆਈ।।"
(ਪੰਨਾ ੧੪੧੪)

ਮਨੁੱਖ ਨਿਰੇ ਪੁਰੇ ਕਰਮ ਕਾਂਡਾਂ ਵਿਚ ਪੈ ਕੇ ਪ੍ਰਭੂ ਦੇ ਦਰ ਕਬੂਲ ਨਹੀਂ ਪੈ ਸਕਦਾ, ਮਾਇਆ ਜਾਲ ਵਿਚ ਫਸਿਆ, ਮਾਇਆ ਦੇ ਕਾਰਿੰਦਿਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਵੱਸ ਪਿਆ ਖੱਪਦਾ ਕਰੁੱਝਦਾ ਹੀ ਰਹੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ-

ਮੋਨਿ ਭਇਓ, ਕਰਪਾਤੀ ਰਹਿਓ,
ਨਗਨ ਫਿਰਿਓ ਬਨ ਮਾਹੀ।।
ਤਟ ਤੀਰਥ ਸਭ ਧਰਤੀ ਭ੍ਰਮਿਓ,
ਦੁਬਿਧਾ ਛੁਟਕੈ ਨਾਹੀ।। ੨।।
ਮਨ ਕਾਮਨਾ ਤੀਰਥ ਜਾਇ ਬਸਿਓ,
ਸਿਰਿ ਕਰਵਤ ਧਰਾਏ।।
ਮਨ ਕੀ ਮੈਲੁ ਨ ਉਤਰੈ ਇਹ ਬਿਧਿ,
ਜੇ ਲਖ ਜਤਨ ਕਰਾਏ।। ੩।।
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਅਰਪੇ,
ਬਹੁ ਬਿਧਿ ਦਾਨੁ ਦਾਤਾਰਾ।।
ਅੰਨ ਬਸਤ੍ਰ ਭੂਮਿ ਬਹੁ ਅਰਪੇ,
ਨਹ ਮਿਲੀਐ ਹਰਿ ਦੁਆਰਾ।। ੪।।
(ਸੋਰਠਿ ਮ: ੫, ਪੰਨਾ ੬੪੧-੪੨)

ਭਾਵ ਕੋਈ ਮਨੁੱਖ ਚੁੱਪ ਸਾਧੀ ਬੈਠਾ ਹੈ, ਕੋਈ ਭਾਂਡਿਆਂ ਦੀ ਥਾਂ ਆਪਣੇ ਹੱਥ ਹੀ ਵਰਤਦਾ ਹੋਇਆ ਕਰ-ਪਾਤੀ ਬਣ ਬੈਠਾ ਹੈ, ਕੋਈ ਜੰਗਲ ਵਿਚ ਨੰਗਾ ਹੀ ਤੁਰਿਆ ਫਿਰਦਾ ਹੈ, ਕੋਈ ਮਨੁੱਖ ਸਾਰੇ ਤੀਰਥਾਂ ਦਾ ਰਟਣ ਕਰ ਰਿਹਾ ਹੈ, ਕੋਈ ਸਾਰੀ ਧਰਤੀ ਦਾ ਭ੍ਰਮਣ ਕਰਦਾ ਪਿਆ ਹੈ, ਪਰ ਇਉਂ ਵੀ ਮਨ ਟਿਕਾਅ ਵਿਚ ਨਹੀਂ ਆਉਂਦਾ। ੨।

ਕੋਈ ਮਨੁੱਖ ਆਪਣੀ ਮਨੋ-ਕਾਮਨਾ ਅਨੁਸਾਰ ਤੀਰਥਾਂ ਤੇ ਜਾ ਵਸਿਆ ਹੈ, ਕੋਈ ਮੁਕਤੀ ਦਾ ਚਾਹਵਾਨ ਆਪਣੇ ਸਿਰ ਉੱਤੇ ਆਰਾ ਰਖਾਉਂਦਾ ਹੈ ਤੇ ਆਪਣੇ ਆਪ ਨੂੰ ਚਿਰਾ ਲੈਂਦਾ ਹੈ ਪਰ ਜੇ ਕੋਈ ਮਨੁੱਖ ਇਹੋ ਜੇਹੇ ਲੱਖਾਂ ਜਤਨ ਕਰੇ ਤਾਂ ਵੀ ਮਨ ਤੇ ਪਏ ਵਿਕਾਰਾਂ ਦੀ ਮੈਲ ਨਹੀਂ ਉਤਰਦੀ। ੩।

ਕੋਈ ਮਨੁੱਖ ਸੋਨਾ, ਇਸਤ੍ਰੀ, ਵਧੀਆ ਘੋੜੇ, ਵਧੀਆ ਹਾਥੀ ਅਤੇ ਹੋਰ ਕਈ ਕਿਸਮ ਤੇ ਦਾਨ ਕਰਨ ਵਾਲਾ ਹੈ। ਕੋਈ ਮਨੁੱਖ ਅੰਨ ਦਾਨ ਕਰਦਾ ਹੈ, ਕੱਪੜੇ ਦਾਨ ਕਰਦਾ ਹੈ, ਜ਼ਮੀਨ ਦਾਨ ਕਰਦਾ ਹੈ ਪਰ ਇਉਂ ਵੀ ਪ੍ਰਭੂ ਦੇ ਦਰ ਤੇ ਨਹੀਂ ਪਹੁੰਚ ਸਕੀਦਾ। ੪।

ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਹੋਰ ਸਾਰਿਆਂ ਕਰਮਾਂ ਨਾਲੋਂ ਸ੍ਰੇਸ਼ਟ ਕਰਮ ਸਾਧ ਸੰਗਤਿ


www.AKJ.Org

ਵਿਚ ਬੈਠ ਕੇ ਪ੍ਰਭੂ ਦੀ ਕੀਰਤੀ (ਸਿਫਤਿ ਸਾਲਾਹ) ਕਰਨਾ ਹੈ-

'ਹਰਿ ਕੀਰਤਿ ਸਾਧ ਸੰਗਤਿ,
ਹੈ ਸਿਰਿ ਕਰਮਨ ਕੈ ਕਰਮਾ।'

'ਵਾਹੁ ਵਾਹੁ' ਕਰਨਾ ਹੀ ਸਭ ਤੋਂ ਉੱਤਮ ਕਰਮ ਹੈ-
'ਸਭ ਤੇ ਊਤਮੁ ਹਰਿ ਹਰਿ ਕਾਮ'।।੧।।ਰਹਾਉ।।
(ਪੰਨਾ ੧੧੯੫)

ਪਰ ਕੋਈ ਵਿਰਲਾ ਗੁਰਮੁਖ ਸਮਝਦਾ ਹੈ ਕਿ *'ਵਾਹ ਵਾਹ'* ਆਖਣਾ ਪ੍ਰਭੂ ਦੀ ਸਿਫਤਿ ਸਾਲਾਹ ਕਰਨੀ ਹੈ, ਪ੍ਰਭੂ ਆਪ ਹੀ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਮਨੁੱਖ ਪਾਸੋਂ *'ਵਾਹੁ ਵਾਹੁ'* ਅਖਵਾਉਂਦਾ ਹੈ ਭਾਵ ਸਿਫਤਿ ਸਾਲਾਹ ਕਰਵਾਉਂਦਾ ਹੈ। ਪਰਮਾਤਮਾ ਦੀ ਸਿਫਤਿ ਸਾਲਾਹ ਦੀ ਬਾਣੀ ਪਰਮਾਤਮਾ ਦਾ ਰੂਪ ਹੈ, ਇਸ ਰਾਹੀਂ ਮਨੁੱਖ ਦਾ ਆਤਮਾ ਦਾ ਪਰਮ-ਆਤਮਾ (ਪਰਮਾਤਮਾ) ਨਾਲ ਮੇਲ ਹੋ ਜਾਂਦਾ ਹੈ ਭਾਵ ਪ੍ਰਭੂ ਦੀ ਸਿਫਤਿ ਸਾਲਾਹ ਕਰਦਿਆਂ ਪ੍ਰਭੂ ਮਿਲ ਪੈਂਦਾ ਹੈ।

ਵਾਹੁ ਵਾਹੁ ਆਪਿ ਅਖਾਇਦਾ
ਗੁਰ ਸਬਦੀ ਸਚੁ ਸੋਇ।।
ਵਾਹੁ ਵਾਹੁ ਸਿਫਤਿ ਸਲਾਹ ਹੈ,
ਗੁਰਮੁਖਿ ਬੂਝੈ ਕੋਇ।।
ਵਾਹੁ ਵਾਹੁ ਬਾਣੀ ਸਚੁ ਹੈ,
ਸਚਿ ਮਿਲਾਵਾ ਹੋਇ।।
ਨਾਨਕ ਵਾਹੁ ਵਾਹੁ ਕਰਤਿਆ
ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ।।
(ਸਲੋਕ ਮ: ੩, ਪੰਨਾ ੫੧੪)

ਜਦੋਂ ਮਨੁੱਖ ਤੇ ਪ੍ਰਭੂ ਦੀ ਮੇਹਰ (ਕਰਮਿ) ਹੁੰਦੀ ਹੈ ਤਾਂ ਮਨੁੱਖ ਸਤਿਗੁਰੂ ਦੇ ਲੜ ਲੱਗ ਕੇ (ਅੰਮ੍ਰਿਤ ਛਕ ਕੇ) ਸਤਿਗੁਰੂ ਵਲੋਂ ਦ੍ਰਿੜਾਏ *'ਸ਼ਬਦ'* (ਨਾਮ) ਰਾਹੀਂ *'ਵਾਹੁ ਵਾਹੁ'* ਕਰਨ ਲੱਗ ਪੈਂਦਾ ਹੈ ਅਤੇ ਪ੍ਰਭੂ ਦੇ ਦਰ ਪਹੁੰਚ ਜਾਂਦਾ ਹੈ। ਇਸੇ ਨੁਕਤੇ ਨੂੰ ਮੁੱਖ ਰੱਖ ਕੇ ਭਗਤ ਨਾਮ ਦੇਵ ਜੀ ਆਪਣੇ ਮਨ ਨੂੰ ਸੰਬੋਧਨ ਕਰਕੇ ਕਹਿੰਦੇ ਹਨ ਕਿ 'ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ' ਕਿਉਂਕਿ ਪ੍ਰਭੂ ਦੇ ਨਾਮ ਸਿਮਰਨ ਨਾਲ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘਿਆ ਜਾ ਸਕਦਾ ਹੈ, ਬਾਕੀ ਸੱਭ ਫੋਕਟ ਕਰਮ ਹਨ, ਪ੍ਰਭੂ ਦੇ ਨਾਮ ਅਤੇ ਪ੍ਰਭੂ ਦੀ ਸਿਫਤਿ ਸਾਲਾਹ (ਕੀਰਤਿ) ਦੀ ਬਰਾਬਰੀ ਨਹੀਂ ਕਰ ਸਕਦੇ।

ਇਸੇ ਵਿਚਾਰ ਅਨੁਸਾਰ ਭਗਤ ਨਾਮ ਜੀ ਕਹਿੰਦੇ ਹਨ-

**ਛੋਡਿ ਛੋਡਿ ਰੇ ਪਖੰਡੀ ਮਨ, ਕਪਟ ਨ ਕੀਜੈ।।**
**ਹਰਿ ਕਾ ਨਾਮੁ, ਨਿਤ ਨਿਤਹਿ ਲੀਜੈ।। ੧।। ਰਹਾਉ।।**

ਫੋਕਟ ਕਰਮਾਂ (ਫੋਕੇ ਕੰਮ ਜਿਨ੍ਹਾਂ ਦਾ ਫਲ ਕੋਈ ਨਹੀਂ, ਸਿਵਾਏ ਖੱਜਲ ਖੁਆਰੀ ਦੇ) ਨੂੰ ਛੱਡ ਕੇ ਜਦੋਂ ਮਨੁੱਖ ਨਿਗੁਰੇ ਤੋਂ ਗੁਰੂ ਵਾਲਾ ਬਣ ਕੇ ਗੁਰੂ ਦੇ ਸ਼ਬਦ

*(ਬਾਕੀ ਪੰਨਾ 15 ਤੇ)*

# ਰਾਮ ਨਾਮ ਕਉ ਨਮਸਕਾਰ

ਰਾਮ ਨਾਮ ਕਉ ਨਮਸਕਾਰ।।
ਜਾਸੁ ਜਪਤ ਹੋਵਤ ਉਧਾਰ।। ੧।। ਰਹਾਉ।।
ਜਾ ਕੈ ਸਿਮਰਨਿ ਮਿਟਹਿ ਧੰਧ।।
ਜਾ ਕੈ ਸਿਮਰਨਿ ਛੂਟਹਿ ਬੰਧ।।
ਜਾ ਕੈ ਸਿਮਰਨਿ ਮੂਰਖ ਚਤੁਰ।।
ਜਾ ਕੈ ਸਿਮਰਨਿ ਕੁਲਹ ਉਧਰ।। ੧।।
ਜਾ ਕੈ ਸਿਮਰਨਿ ਭਉ ਦੁਖ ਹਰੈ।।
ਜਾ ਕੈ ਸਿਮਰਨਿ ਅਪਦਾ ਟਰੈ।।
ਜਾ ਕੈ ਸਿਮਰਨਿ ਮੁਚਤ ਪਾਪ।।
ਜਾ ਕੈ ਸਿਮਰਨਿ ਨਹੀ ਸੰਤਾਪ।।
ਜਾ ਕੈ ਸਿਮਰਨਿ ਰਿਦ ਬਿਗਾਸ।।
ਜਾ ਕੈ ਸਿਮਰਨਿ ਕਵਲਾ ਦਾਸ।।
ਜਾ ਕੈ ਸਿਮਰਨਿ ਨਿਧਿ ਨਿਧਾਨ।।
ਜਾ ਕੈ ਸਿਮਰਨਿ ਤਰੇ ਨਿਦਾਨ।।੩।।
ਪਤਿਤ ਪਾਵਨੁ ਨਾਮੁ ਹਰੀ।।
ਕੋਟਿ ਭਗਤ ਉਧਾਰੁ ਕਰੀ।।
ਹਰਿ ਦਾਸ ਦਾਸਾ ਦੀਨੁ ਸਰਨ।।
ਨਾਨਕ ਮਾਥਾ ਸੰਤ ਚਰਨ।। ੪।।੨।।
(ਮਾਲੀ ਗਉੜਾ ਮ: ੫, ਪੰਨਾ ੯੮੬)

ਹੇ ਭਾਈ। ਜਿਸ ਪਰਮਾਤਮਾ ਦਾ ਨਾਮ ਜਪਦਿਆਂ ਸੰਸਾਰ-ਸਾਗਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ, ਉਸ ਦੇ ਨਾਮ ਨੂੰ ਆਦਰ-ਸਤਕਾਰ ਨਾਲ ਹਿਰਦੇ ਵਿਚ ਵਸਾਈ ਰੱਖ।੧। ਰਹਾਉ।

ਜਿਸ ਦੇ ਸਿਮਰਨ ਨਾਲ ਮਾਇਆ ਦੇ ਜੰਜਾਲ ਮਿਟ ਜਾਂਦੇ ਹਨ, ਮੋਹ ਦੇ ਬੰਧਨ ਟੁੱਟ ਜਾਂਦੇ ਹਨ, ਮੂਰਖ ਬੰਦੇ ਵੀ ਚਤੁਰ (ਸਿਆਣੇ) ਹੋ ਜਾਂਦੇ ਹਨ, ਸਾਰੀ ਕੁਲ (ਖਾਨਦਾਨ) ਦਾ ਹੀ ਪਾਰ ਉਤਾਰਾ ਹੋ ਜਾਂਦਾ ਹੈ।

ਜਿਸ ਦੇ ਸਿਮਰਨ ਦੀ ਬਰਕਤ ਨਾਲ ਮਨੁੱਖ ਹਰੇਕ ਡਰ ਅਤੇ ਸਾਰੇ ਡਰ ਦੂਰ ਕਰ ਲੈਂਦਾ ਹੈ, ਹਰੇਕ ਬਿਪਤਾ ਟਲ ਜਾਂਦੀ ਹੈ, ਸਾਰੇ ਪਾਪਾਂ ਤੋਂ ਖਲਾਸੀ ਹੋ ਜਾਂਦੀ ਹੈ, ਕੋਈ ਦੁਖ ਕਲੇਸ਼ ਪੋਹ ਨਹੀਂ ਸਕਦਾ। ੨।

ਜਿਸ ਦੇ ਸਿਮਰਨ ਕਰਨ ਨਾਲ ਹਿਰਦਾ ਖਿੜਿਆ ਰਹਿੰਦਾ ਹੈ, ਮਾਇਆ ਵੀ ਦਾਸੀ ਬਣ ਜਾਂਦੀ ਹੈ, ਸਾਰੀਆਂ ਨਿਧੀਆਂ ਤੇ ਸਾਰੇ ਖਜ਼ਾਨੇ ਪ੍ਰਾਪਤ ਹੋ ਜਾਂਦੇ ਹਨ ਅਤੇ ਅੰਤ ਵੇਲੇ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ੩।

ਹੇ ਭਾਈ। ਪਰਮਾਤਮਾ ਦਾ ਨਾਮ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ ਹੈ, ਹਰਿ-ਨਾਮ ਕ੍ਰੋੜਾਂ ਭਗਤਾਂ ਦਾ ਉਧਾਰ ਕਰਦਾ ਹੈ। ਨਾਨਕ ਦਾ ਮੱਥਾ ਵੀ ਸਤਿ ਦੇ ਮਾਰਗ ਤੇ ਚਲਣ ਵਾਲੇ ਗੁਰਮੁਖਾਂ (ਸੰਤਾਂ) ਦੇ ਚਰਨਾਂ ਉੱਤੇ ਪਿਆ ਹੈ, ਇਹ ਨਿਮਾਣਾ ਭੀ ਪ੍ਰਭੂ ਦੇ ਦਾਸਾਂ ਦੇ ਦਾਸਾਂ ਦੀ ਸ਼ਰਨ ਆਇਆ ਹੈ ਤਾਂ ਕਿ ਨਾਨਕ ਨੂੰ ਪਰਮਾਤਮਾ ਦਾ ਨਾਮ ਮਿਲ ਜਾਏ। ੪।੨।


www.AKJ.Org

# ਆਨਮਤੀ ਕਰਮ ਤੇ ਤੀਰਥ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ।।
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ।।
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ।।੧।।
ਮੁੰਧੇ ਗੁਣ ਦਾਸੀ ਸੁਖੁ ਹੋਇ।।
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ।।੧।।ਰਹਾਉ।।...੮।।੬।।

(ਸਿਰੀਰਾਗੁ ਮ: ੧, ਪੰਨਾ ੫੬)

ਏਸ ਗੁਰਵਾਕ ਦੁਆਰਾ ਗੁਰੂ ਸਾਹਿਬ ਇਹ ਦ੍ਰਿੜ੍ਹਾਉਂਦੇ ਹਨ ਕਿ ਜਪ ਤਪ ਸੰਜਮ ਆਦਿਕ ਆਨਮਤੀ ਕਰਮ ਭਾਵੇਂ ਕਿਤਨਾ ਹੀ ਸੋਧੇ ਕਮਾਏ ਜਾਣ ਤੇ ਆਨਮਤੀ ਤੀਰਥਾਂ ਉਤੇ ਭਾਵੇਂ ਕਿਤਨਾ ਹੀ ਢੇਰ-ਚਿਰੋ (ਸਾਰੀ ਉਮਰ) ਹੀ ਵਾਸਾ ਕੀਤਾ ਜਾਵੇ, ਕਿਸੇ ਭੀ ਲੇਖੇ ਨਹੀਂ ਹੈ। ਆਨਮਤਾਂ ਦੀਆਂ ਦੱਸੀਆਂ ਹੋਈਆਂ ਪੁੰਨ ਦਾਨ ਚੰਗਿਆਈਆਂ ਭਾਵੇਂ ਕਿਤਨੀਆਂ ਹੀ ਕੀਤੀਆਂ ਜਾਣ,ਲੋਕਾ-ਚਾਰਕ ਚੰਗਿਆਈਆਂ ਹੀ ਹਨ, ਗੁਰਮਤਿ ਅਨੁਸਾਰ ਏਹਨਾਂ ਆਨਮਤ ਲੋਕਾਚਾਰਕ, ਵੇਦਾਚਾਰਕ ਕੰਮਾਂ ਦਾ ਕੱਖ ਭੀ ਸੁਬੇਹਤਾ ਨਹੀਂ। ਬਿਨਾਂ ਸੱਚੇ ਵਾਹਿਗੁਰੂ ਅਤੇ ਵਾਹਿਗੁਰੂ ਸੱਚੇ ਨਾਮ ਤੋਂ ਇਹ ਬਾਦ ਬੇਕਾਰੀ ਕਰਮ ਹੀ ਹਨ। ਆਨਮਤ ਅਨੁਸਾਰ ਜਿਤਨੇ ਭੀ ਪਾਖੰਡ ਕਰਮ ਹਨ, ਉਹਨਾਂ ਦਾ ਨਾਉਂ ਐਵੇ ਹੀ ਜਪ ਤਪ ਸੰਜਮ ਆਦਿਕ ਕਰਮ ਆਨਮਤੀਆਂ ਨੇ ਆਪਣੇ ਦਿਲ ਪਰਚਾਵੇ ਲਈ ਰੱਖ ਲਇਆ ਹੋਇਆ ਹੈ। ਵਾਸਤਵ ਵਿਚ ਤਿਨ੍ਹਾਂ ਪਾਖੰਡ-ਕਰਮਾਂ ਅੰਦਰਿ ਸਚੇ ਜਪ, ਸਚੇ ਸੰਜਮ ਦੀ ਬੂ ਮਾਤਰ ਭੀ ਨਹੀਂ। ਗੁਰਬਾਣੀ ਅੰਦਰ ਜਿੱਥੇ ਭੀ ਜਪ ਆਦਿ ਦਾ ਖੰਡਨ ਕੀਤਾ ਹੈ, ਉਹ ਸਭ ਆਨਮਤ ਜਪ ਤਪ ਕਰਮ ਦਾ ਹੀ ਹੈ। ਗੁਰਮਤਿ ਅਨੁਸਾਰ ਕੀਤਾ ਹੋਇਆ ਜਪੁ ਜਪੁ ਕਰਮ ਕੇਵਲ ਨਾਮ ਦੀ ਸਾਧਨਾ, ਨਾਮਅਭਿਆਸ ਕਮਾਈ ਹੀ ਹੈ, ਜੋ ਸਦਾ ਸ੍ਰੇਸ਼ਟ ਅਤੇ ਸਾਰ-ਕਰਮ ਹੀ ਗੁਰਮਤਿ ਅੰਦਰ ਗਰਦਾਨਿਆ ਜਾਂਦਾ ਹੈ। ਏਸੇ ਪ੍ਰਕਾਰ ਆਨਮਤ ਦੇ ਤੀਰਥਾਂ ਉੱਤੇ ਵਾਸਾ ਕਰਨਾ ਭੀ ਨਿਰਾ ਨਿਰਾਰਥਕ ਕਰਮ ਹੀ ਹੈ ਕਿਉਂਕਿ ਆਨਮਤ ਤੀਰਥਾਂ ਉਤੇ ਕੇਵਲ ਪਾਖੰਡ ਕਿਰਿਆ ਦਾ ਵਿਥਾਰ ਹੀ ਵਿਥਾਰਿਆ ਹੋਇਆ ਹੁੰਦਾ ਹੈ, ਸੱਚੇ ਅੰਮ੍ਰਿਤ ਰੂਪੀ ਨਾਮ ਦੇ ਸੰਚਾਰ ਦਾ ਤਿਨ੍ਹਾਂ ਆਨਮਤੀ ਤੀਰਥ-ਅਸਥਾਨਾਂ ਉਤੇ ਰੰਚਿਕ ਮਾਤਰ ਭੀ ਮੁਸ਼ਕ ਨਹੀਂ ਹੁੰਦਾ।

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ।।
ਤੀਰਥੁ ਸਬਦੁ ਬੀਚਾਰੁ ਅੰਤਰਿ ਗਿਆਨੁ ਹੈ।।੧।।

(ਧਨਾਸਰੀ ਮ: ੧ ਛੰਤੁ, ਪੰਨਾ ੬੮੭)

ਗੁਰਵਾਕ ਦੇ ਭਾਵ ਅਨੁਸਾਰ ਗੁਰਮਤਿ ਨਾਮ ਰੂਪੀ ਵਰਤਾਰਾ, ਸੰਚਾਰਾ ਜਿਥੇ ਵਰਤਦਾ ਹੈ, ਉਹੀ ਸਚਾ ਅੰਮ੍ਰਿਤ ਮਈ ਤੀਰਥ ਹੈ। ਗੁਰਮਤਿ ਨਾਮ ਅੰਮ੍ਰਿਤ ਸਰੂਪ ਹੈ। ਤਾਹੀਂ ਤੇ ਅੰਮ੍ਰਿਤ ਬਾਣੀ ਅਤੇ ਅੰਮ੍ਰਿਤ ਨਾਮ ਦੇ ਸੰਚਣ ਦੀ ਬੁਹਾਰ ਸ਼ਗੁਫ਼ਤਾਰੰ ਹੋਣ ਕਰਕੇ ਸ੍ਰੀ ਅੰਮ੍ਰਿਤ ਸਰੋਵਰ ਸੱਚਾ ਅੰਮ੍ਰਿਤਸਰ ਤੀਰਥ, ਭਾਵ ਅੰਮ੍ਰਿਤ ਮਈ ਤੀਰਥ ਹੈ। ਤਾਂ ਤੇ ਆਨਮਤੀ ਤੀਰਥਾਂ ਨਾਲੋਂ ਇਸ ਗੁਰਮਤਿ ਤੀਰਥ ਦੀ ਮਹਾਨ ਵਿਲੱਖਣਤਾ ਹੈ। ਗੁਰਮਤਿ ਤੀਰਥ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨਾ ਪੂਰਨ ਤਤ ਗੁਰਮਤਿ ਅਨੁਸਾਰ ਹੈ। ਜਿਥੇ ਜਿਥੇ ਭੀ ਆਨਮਤੀ ਤੀਰਥਾਂ ਦਾ ਖੰਡਨ ਹੈ, ਤਿਥੇ ਤਿਥੇ ਤਿਨ੍ਹਾਂ ਪ੍ਰਥਾਏ ਹੇਠ ਲਿਖੇ ਗੁਰਵਾਕ ਪੂਰੇ ਤੌਰ ਤੇ ਵਿਦਮਾਨ ਹਨ :

ਤੀਰਥ ਵਰਤ ਸੁਚਿ ਸੰਜਮੁ ਨਾਹੀ
ਕਰਮੁ ਧਰਮੁ ਨਹੀ ਪੂਜਾ।।
ਨਾਨਕ ਭਾਇ ਭਗਤਿ ਨਿਸਤਾਰਾ
ਦੁਬਿਧਾ ਵਿਆਪੈ ਦੂਜਾ।। ੨।।੨।।

(ਸਿਰੀ ਰਾਗੁ ਮ: ੧, ਪੰਨਾ ੭੫)

ਤੀਰਥ ਦੇਖਿ ਨ ਜਲ ਮਹਿ ਪੈਸਉ
ਜੀਅ ਜੰਤ ਨ ਸਤਾਵਉਗੋ।।
ਅਠਸਠਿ ਤੀਰਥ ਗੁਰੂ ਦਿਖਾਏ
ਘਟ ਹੀ ਭੀਤਰਿ ਨਾਉਗੋ।। ੩।।੨।।

(ਰਾਮਕਲੀ ਨਾਮਦੇਉ ਜੀ, ਪੰਨਾ ੯੭੩)

ਤੀਰਥ ਨਾਇ ਨ ਉਤਰਸਿ ਮੈਲੁ।।
ਕਰਮ ਧਰਮ ਸਭਿ ਹਉਮੈ ਫੈਲੁ।।
ਲੋਕ ਪਚਾਰੈ ਗਤਿ ਨਹੀ ਹੋਇ।।
ਨਾਮ ਬਿਹੂਣੇ ਚਲਸਹਿ ਰੋਇ।। ੨।।੨੪।।

(ਰਾਮਕਲੀ ਮ: ੫ ਪੰਨਾ ੮੯੦)

ਤੀਰਥਿ ਭਰਮਸਿ ਬਿਆਧਿ ਨ ਜਾਵੈ।।
ਨਾਮ ਬਿਨਾ ਕੈਸੇ ਸੁਖੁ ਪਾਵੈ।। ੪।।੬।।

(ਰਾਮਕਲੀ ਮ: ੧ ਪੰਨਾ ੯੦੬)

ਤੀਰਥ ਵਰਤ ਨੇਮ ਕਰਹਿ ਉਦਿਆਨਾ।।
ਜਤੁ ਸਤੁ ਸੰਜਮੁ ਕਥਹਿ ਗਿਆਨਾ।।
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ,
ਬਿਨੁ ਸਤਿਗੁਰ ਭਰਮੁ ਨ ਜਾਇਆ।। ੧੩।।੨੨।।

(ਮਾਰੂ ਮ: ੧, ਪੰਨਾ ੧੦੪੩)

ਤੀਰਥਿ ਭਰਮੈ ਰੋਗੁ ਨ ਛੂਟਸਿ
ਪੜਿਆ ਬਾਦੁ ਬਿਬਾਦੁ ਭਇਆ।।
ਦੁਬਿਧਾਂ ਰੋਗੁ ਸੁ ਅਧਿਕ ਵਡੇਰਾ
ਮਾਇਆ ਕਾ ਮੁਹਤਾਜੁ ਭਇਆ।।
ਗੁਰਮੁਖਿ ਸਾਚਾ ਸਬਦਿ ਸਲਾਹੈ
ਮਨਿ ਸਾਚਾ ਤਿਸੁ ਰੋਗੁ ਗਇਆ।। ੮।।੧।।

(ਭੈਰਉ ਮ: ੧, ਪੰਨਾ ੧੧੫੩)

ਜਿਸੁ ਜੀਉ ਅੰਤਰੁ ਮੈਲਾ ਹੋਇ।
ਤੀਰਥ ਭਵੈ ਦਿਸੰਤਰ ਲੋਇ।।
ਨਾਨਕ ਮਿਲੀਐ ਸਤਿਗੁਰ ਸੰਗ।।
ਤਉ ਭਵਜਲ ਕੇ ਤੂਟਸਿ ਬੰਧ।। ੫।।੪।।

(ਬਸੰਤੁ ਮ: ੩, ਪੰਨਾ ੧੧੬੯)(ਗੁਰਮਤਿ ਗੌਰਵਤਾ ਵਿਚੋਂ)



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ
# ਤੇ
# ਸਤਿਨਾਮ

(ਸ੍ਰ: ਮਨਮੋਹਨ ਸਿੰਘ, ਕੈਲੀਫੋਰੀਆ, ਯੂ. ਐਸ. ਏ.)

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਸ੍ਰਿਸ਼ਟੀ ਦੀ ਅਧਿਆਤਮਿਕ ਦਸ਼ਾ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਆਗਮਨ ਸੰਬੰਧੀ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ:

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧੁ ਜਗਿ ਚਾਨਣੁ ਹੋਆ।।
ਜਿਉ ਕਰ ਸੂਰਜੁ ਨਿਕਲਿਆ,
ਤਾਰੇ ਛਪੇ ਅੰਧੇਰੁ ਪਲੋਆ।।
ਸਿੰਘ ਬੁਕੇ, ਮਿਰਗਾਵਲੀ ਭੰਨੀ ਜਾਇ,
ਨ ਧੀਰਿ ਧਰੋਆ।। (ਭਾ: ਗੁ: ਵਾਰ ੧/੨੭)

ਧੁੰਧ ਦਾ ਅਰਥ ਹੈ ਧੂਆਂ ਤੇ ਮਿੱਟੀ ਮਿਲ ਕੇ ਹੋਇਆ ਅੰਧੇਰਾ। ਘੁੱਪ ਕਾਲੀ ਰਾਤ ਦੇ ਅੰਧੇਰੇ ਨੂੰ ਇਕ ਮਾਮੂਲੀ ਮੋਮ ਬੱਤੀ ਜਾਂ ਦੀਵਾ ਵੀ ਦੂਰ ਕਰ ਸਕਦਾ ਹੈ ਪਰ ਧੁੰਧ ਦਾ ਅੰਧੇਰਾ ਮਾਮੂਲੀ ਸਾਧਨਾ ਨਾਲ ਕਦੇ ਵੀ ਦੂਰ ਨਹੀਂ ਹੋ ਸਕਦਾ। ਇਸ ਨੂੰ ਦੂਰ ਕਰਨ ਲਈ ਸੂਰਜ ਜਿਹੇ ਤੇਜ਼ ਚਾਨਣ ਤੋਂ ਬਿਨਾਂ ਹੋਰ ਕੋਈ ਉਪਾਵ ਨਹੀਂ। ਇਸੇ ਤਰ੍ਹਾਂ ਕਾਲੀ ਰਾਤ ਵਿਚ ਜਦੋਂ ਤਾਰੇ ਜਗਮਗ ਕਰ ਰਹੇ ਹੋਣ, ਉਦੋਂ ਜਿੰਨੀਆਂ ਮਰਜ਼ੀ ਸ਼ਕਤੀਸ਼ਾਲੀ ਬੱਤੀਆਂ ਰੌਸ਼ਨ ਕੀਤੀਆਂ ਜਾਣ, ਤਾਰਿਆਂ ਦੀ ਚਮਕ ਦਮਕ ਵਿਚ ਕੋਈ ਫਰਕ ਨਹੀਂ ਪੈਂਦਾ ਪਰ ਜਦੋਂ ਸੂਰਜ ਚੜ੍ਹ ਜਾਵੇ ਤਾਂ ਇਹ ਤਾਰੇ ਆਪੇ ਹੀ ਨਜ਼ਰੋਂ ਉਹਲੇ ਹੋ ਜਾਂਦੇ ਹਨ। ਤੀਜੀ ਮਿਸਾਲ ਜੋ ਭਾਈ ਸਾਹਿਬ ਨੇ ਦਿੱਤੀ ਹੈ ਕਿ ਜਦੋਂ ਬੱਬਰ ਸ਼ੇਰ ਦੀ ਗਰਜ ਪਵੇ ਤਾਂ ਮਿਰਗ ਆਦਿ ਛੋਟੇ ਪਸ਼ੂ ਭੱਜ ਜਾਂਦੇ ਹਨ ਤੇ ਉਨ੍ਹਾਂ ਨੂੰ ਟਿਕਣ ਲਈ ਕੋਈ ਥਾਂ ਟਿਕਾਣਾ ਨਹੀਂ ਸੁਝਦਾ।

ਹੁਣ ਵਿਚਾਰ ਦੀ ਗੱਲ ਇਹ ਹੈ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਰੂਪੀ ਸੂਰਜਾਂ ਦਾ ਸੂਰਜ ਪ੍ਰਕਾਸ਼ਮਾਨ ਹੋਇਆ ਤਾਂ ਕਿਹੜੀ ਧੁੰਧ ਸੀ ਜੋ ਮਿਟ ਗਈ, ਕਿਹੜੇ ਤਾਰੇ ਸੀ ਜੋ ਛਿਪ ਗਏ ਤੇ ਕਿਹੜੀ ਮਿਰਗਾਵੱਲੀ ਸੀ ਜੋ ਗੁਰੂ ਨਾਨਕ ਦੀ ਸ਼ਬਦ ਰੂਪੀ ਗਰਜ ਸੁਣ ਕੇ ਭੱਜ ਉੱਠੀ ? ਜ਼ਾਹਰ ਹੈ ਕਿ ਇਹ ਧੁੰਧ ਤਾਰੇ ਆਦਿ ਕੋਈ ਭੌਤਿਕ ਜਾਂ ਸਥੂਲ ਹਸਤੀਆਂ ਨਹੀਂ ਸਨ, ਇਹ ਤਾਂ ਸੰਸਾਰ ਦੀ ਆਤਮਿਕ ਦਸ਼ਾ ਤੇ ਅਗਿਆਨਤਾ ਵਲ ਸੰਕੇਤ ਹੈ। ਉਦੋਂ ਧਾਰਮਿਕ ਜਾਂ ਅਧਿਆਤਮਕ ਪੱਖ ਤੋਂ ਸੰਸਾਰ ਵਿਚ ਧੁੰਧ ਛਾਈ ਹੋਈ ਸੀ। ਵੱਖੋ ਵੱਖ ਧਰਮਾਂ ਦੇ ਕੋਲ ਤੱਤ ਵਸਤੂ ਦੀ ਅਣਹੋਂਦ ਕਰਕੇ, ਕਰਮ ਕਾਂਡੀ ਧਾਰਮਿਕ ਸੰਸਕਾਰਾਂ ਦੀ ਮਹੱਤਤਾ ਨੇ ਸਾਰਾ ਤਾਣਾ ਹੀ ਉਲਝਾਇਆ ਹੋਇਆ ਸੀ। ਵੱਖੋ ਵੱਖ ਧਰਮਾਂ ਦੇ ਆਗੂਆਂ ਨੇ ਸਾਰੀ ਲੁਕਾਈ ਨੂੰ ਆਪਣੀ ਮਨ ਮਰਜ਼ੀ ਦੇ ਅਖੌਤੀ ਰਸਮਾਂ ਰਿਵਾਜਾਂ ਵਿਚ ਜਕੜਿਆ ਹੋਇਆ ਸੀ ਜਿਸ ਕਰਕੇ ਸਾਰੇ ਪਾਸੇ ਅਗਿਆਨਤਾ ਦਾ ਧੁੰਧ ਰੂਪੀ ਹਨੇਰਾ ਹੀ ਪਸਰਿਆ ਹੋਇਆ ਸੀ। ਕਈ ਮਹਾਂ ਪੁਰਸ਼ ਇਸ ਅੰਧੇਰੇ ਨੂੰ ਦੂਰ ਕਰਣ ਲਈ ਪ੍ਰਗਟੇ, ਉਨ੍ਹਾਂ ਨੇ ਆਪਣੀ ਵਿੱਤ ਤੇ ਸੋਝੀ ਅਨੁਸਾਰ ਕਿਸੇ ਹੱਦ ਤੱਕ ਹਨ੍ਹੇਰਾ ਦੂਰ ਕਰਨ ਦਾ ਜਤਨ ਵੀ ਕੀਤਾ। ਉਨ੍ਹਾਂ ਦੇ ਚਲਾਏ ਤੇ ਪਰਚਾਰੇ ਵੱਖੋ ਵੱਖਰੇ ਮਾਰਗ ਤਾਰਿਆਂ ਵਾਗੂੰ ਇਸ ਹਨ੍ਹੇਰੇ ਵਿਚ ਚਮਕੇ ਤੇ ਚਾਨਣ ਦੀ ਝਲਕ ਵੀ ਪਈ ਪਰ ਤੱਤ ਵਸਤੂ ਤੋਂ ਵਾਂਝੇ ਹੋਣ ਕਰਕੇ ਉਨ੍ਹਾਂ ਦੀ ਚਮਕ ਦਮਕ ਤਾਰਿਆਂ ਦੀ ਚਮਕ ਵਾਗੂੰ ਹੀ ਰਹੀ ਤੇ ਪੂਰਾ ਚਾਨਣ ਨਾ ਹੋ ਸਕਿਆ।

ਧੰਨ ਗੁਰੂ ਨਾਨਕ ਦੇਵ ਜੀ ਉੱਤੇ ਵੱਡੀ ਮੇਹਰ ਹੋਈ। ਧੁਰ ਦਰਗਾਹੋਂ ਤੱਤ ਵਸਤੂ "ਸਤਿਨਾਮ" ਦਾ ਸਿਰੋਪਾਓ ਮਿਲਿਆ :

ਢਾਢੀ ਸਚੈ ਮਹਲਿ ਖਸਮਿ ਬੁਲਾਇਆ।।
ਸੱਚੀ ਸਿਫਤਿ ਸਾਲਾਹ ਕਪੜਾ ਪਾਇਆ।।
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ।। (ਪੰ: ੧੫੦)

ਬਾਬਾ ਪੈਧਾ ਸਚਖੰਡਿ ਨਉ ਨਿਧਿ
ਨਾਮੁ ਗਰੀਬੀ ਪਾਈ।। (ਭਾ: ਗੁ: ੧/੨੪)

ਇਹ "ਸਤਿਨਾਮ" ਹੀ ਤੱਤ ਵਸਤੂ ਸੀ ਤੇ ਇਸੇ ਸੂਰਜਾਨ ਸੂਰਜ ਦੇ ਚਾਨਣ ਦਾ ਸਰੂਪ ਸੀ ਸ੍ਰੀ ਗੁਰੂ ਨਾਨਕ :

ਬਲਿਓ ਚਰਾਗੁ ਅੰਧ੍ਯਾਰ ਮਹਿ,
ਸਭ ਕਲਿ ਉਧਰੀ ਇਕ ਨਾਮ ਧਰਮ।।
ਪ੍ਰਗਟੁ ਸਗਲ ਹਰਿ ਭਵਨ ਮਹਿ,
ਜਨੁ ਨਾਨਕੁ ਗੁਰੁ ਪਾਰਬ੍ਰਹਮੁ।। (ਪੰ: ੧੩੮੭)

ਭਾਵ : ਸਾਰੇ ਜਗਤ ਵਿੱਚ ਪਸਰ ਰਹੇ ਹਨ੍ਹੇਰੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸੂਰਜ ਬਣ ਕੇ ਜਗ ਪਏ ਤੇ ਉਨ੍ਹਾਂ ਦੇ ਦਰਸਾਏ, ਦ੍ਰਿੜਾਏ ਸਤਿਨਾਮ ਦੀ ਬਰਕਤ ਨਾਲ ਸਾਰੀ ਸ੍ਰਿਸ਼ਟੀ ਪਾਰ ਲੰਘ ਰਹੀ ਹੈ। ਏਸ ਤਰ੍ਹਾਂ ਸਤਿਨਾਮ ਦਾ ਵਿਥਾਰਕ ਹੋਣ ਕਰਕੇ ਅਕਾਲ ਪੁਰਖ ਦੇ ਰਚੇ ਹੋਏ ਸਾਰਿਆਂ ਭਵਨਾਂ (ਖੰਡਾਂ ਬ੍ਰਹਮੰਡਾਂ) ਵਿਚ ਪਾਰਬ੍ਰਹਮ ਰੂਪ ਗੁਰੂ ਨਾਨਕ ਦੇਵ ਜੀ ਪ੍ਰਤੱਖ ਰੂਪ ਵਿਚ ਪਰਗਟ ਹੋਏ ਹਨ :

ਅਗਿਆਨੁ ਅੰਧੇਰਾ ਕਟਿਆ,
ਜੋਤਿ ਪਰਗਟਿਆਈ ਰਾਮ।।
ਜਨ ਨਾਨਕ ਨਾਮੁ ਆਧਾਰੁ ਹੈ,
ਹਰਿਨਾਮਿ ਸਮਾਈ ਰਾਮ।।੨।। (ਪੰ: ੮੪੫)



www.AKJ.Org

ਅਗਿਆਨੁ ਅੰਧੇਰਾ ਮਿਟਿ ਗਇਆ,
ਗੁਰ ਚਾਨਣੁ ਗਿਆਨੁ ਚਰਾਗੁ।। (ਪੰ: ੮੪੯)
ਅਗਿਆਨ ਅੰਧੇਰਾ ਮਿਟਿ ਗਇਆ
ਗੁਰ ਗਿਆਨੁ ਦੀਪਾਇਓ।।੨।। (ਪੰ : ੨੪੧)

ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਸਤਿਨਾਮ ਰੂਪੀ ਸਚੇ ਗਿਆਨ ਪ੍ਰਗਟ ਹੋਣ ਨਾਲ ਸਾਰੀ ਸ੍ਰਿਸ਼ਟੀ ਤੋਂ ਅਗਿਆਨਤਾ ਦਾ ਅੰਧੇਰਾ ਦੂਰ ਹੋ ਗਿਆ।

ਇਸ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਹੋਣ ਤੋਂ ਪਹਿਲਾਂ ਸਾਰੇ ਸੰਸਾਰ ਵਿਚ ਸਤਿਨਾਮ ਰੂਪੀ ਤੱਤ ਵਸਤੂ ਨਾ ਹੋਣ ਕਰਕੇ ਧੁੰਧ ਜਾਂ ਅੰਧੇਰਾ ਹੀ ਅੰਧੇਰਾ ਸੀ ਤੇ ਜੋ ਵੀ ਧਰਮ ਪ੍ਰਚਲੱਤ ਸਨ ਉਹਨਾਂ ਦਾ ਚਾਨਣ ਤਾਰਿਆਂ ਨਿਆਈਂ ਸੀਮਤ ਸੀ ਅਤੇ ਜੋ ਵੀ ਵੱਖੋ ਵੱਖ ਧਰਮਾਂ ਦੇ ਪੇਸ਼ਵਾ, ਮੁਖੀ ਤੇ ਪਰਸਾਰਕ ਸਨ ਉਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ ਮਿਰਗਾਲਵੀ ਦੇ ਨਾਮ ਨਾਲ ਸੰਬੋਧਨ ਕੀਤਾ ਹੈ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਸੰਬੰਧੀ ਮਹਾਂਵਾਕ ਹੈ:

ਗੁਰ ਕੀ ਮਹਿਮਾ ਕਥਨੁ ਨ ਜਾਇ।।
ਗੁਰੁ ਪਰਮੇਸਰੁ ਸਾਚੈ ਨਾਇ।। (ਪੰ: ੧੨੭੧)

ਗੁਰੂ ਨਾਨਕ ਦੇਵ ਜੀ ਦੀ ਮਹਿਮਾ ਕਹੀ ਨਹੀਂ ਜਾ ਸਕਦੀ। ਉਹ ਤਾਂ ਸੱਚੇ ਨਾਮ (ਸਤਿਨਾਮ) ਦੇ ਭੰਡਾਰ ਹੋਣ ਕਰਕੇ ਪਰਮੇਸ਼੍ਵਰ ਰੂਪ ਹਨ।

**ਸਤਿਨਾਮ ਕੀ ਹੈ ?**

ਸਤਿਨਾਮ ਅਕਾਲ ਪੁਰਖ ਦਾ ਆਪਣਾ ਨਿੱਜੀ ਰਚਿਆ ਤੇ ਅਕਾਲ ਪੁਰਖ ਵਾਗੂੰ ਹੀ ਸਦਾ ਅਟੱਲ ਰਹਿਣ ਵਾਲਾ ਨਾਮ ਹੈ। ਉਹ ਕਰਤੇ ਦੀ ਨਿੱਜੀ ਸਾਜਨਾ ਹੋਣ ਕਰਕੇ ਸਮੇਂ ਦੇ ਗੇੜ ਦੇ ਆਰੰਭ ਹੋਣ ਤੇ ਸ੍ਰਿਸ਼ਟੀ ਸਾਜਨ ਤੋਂ ਪਹਿਲਾਂ ਵੀ ਕਾਇਮ ਸੀ ਤੇ ਸਾਰੀ ਸ੍ਰਿਸ਼ਟੀ ਦੇ ਆਕਰਖਣ ਤੋਂ ਪਿਛੋਂ ਵੀ ਕਾਇਮ ਰਹੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਸ਼ਬਦ ਵਿੱਚ ਬਹੁਤ ਸਾਰੇ ਕ੍ਰਿਤਮ ਜਾਂ ਸਿਫ਼ਾਤੀ ਨਾਮਾਂ ਦਾ ਵਰਨਣ ਕਰਕੇ ਅੰਤ ਵਿਚ ਇਹ ਦੁਤੁਕੀ ਸਤਿਨਾਮ ਨੂੰ ਦਰਸਾਉਂਦੀ ਹੈ:

ਕਿਰਤਮ ਨਾਮ ਕਥੇ ਤੇਰੇ ਜਿਹਬਾ।।
ਸਤਿਨਾਮੁ ਤੇਰਾ ਪਰਾ ਪੂਰਬਲਾ।। (ਪੰ: ੧੦੮੩)

ਭਾਵ : ਹੇ ਅਕਾਲ ਪੁਰਖ ! ਮੇਰੀ ਜਿਹਬਾ ਹੁਣ ਤੱਕ ਤੇਰੇ ਕਰਮਾਂ ਜਾ ਸਿਫ਼ਤਾਂ ਕਰਕੇ ਪਏ ਨਾਮਾਂ ਦਾ ਹੀ ਉਚਾਰਨ ਕਰਦੀ ਰਹੀ ਹੈ ਪਰ ਸਤਿਨਾਮ ਹੀ ਤੇਰਾ ਆਦਿ ਤੇ ਪੂਰਬਲਾ ਨਾਮ ਹੈ। ਜਦੋਂ ਤੂੰ ਨਿਰਗੁਣ ਤੋਂ ਸਰਗੁਣ ਹੋ ਕੇ ਆਪਣੇ ਆਪ ਨੂੰ ਪ੍ਰਗਟ ਕੀਤਾ ਤਾਂ ਤੇਰੇ ਕਈ ਨਾਮ ਹੋ ਗਏ ਪਰ ਤੇਰਾ ਪਰਾਪੂਰਬਲਾ ਸਤਿਨਾਮ ਹੀ ਹੈ ਜੋ ਹਰ ਸਮੇਂ ਰਹਿੰਦਾ ਹੈ।

ਅਕਾਲ ਪੁਰਖ ਦਾ ਇਹ ਮਹਾਂ ਪੂਰਬਲਾ ਸਤਿਨਾਮ ਉਸ ਦੀ ਰਚੀ ਰਚਨਾ ਵਿਚੋਂ ਕਿਸੇ ਜੀਅ ਜੰਤ ਨੇ ਨਹੀਂ ਰਚਿਆ। ਅਸਲ ਵਿਚ ਸਮੂਹ ਰਚਨਾ ਰਚਨ ਤੋਂ ਪਹਿਲੇ ੧ਓ ਨੇ ਆਪਣੇ ਆਪ ਨੂੰ ਸੁੰਨ ਅਵਸਥਾ ਵਿਚੋਂ ਪਰਗਟ ਹੋਣ ਦਾ ਵੀਚਾਰ ਕੀਤਾ ਤਾਂ ਸਭ ਤੋਂ ਪ੍ਰਿਥਮ ਉਨ੍ਹਾਂ ਨੇ ਸਤਿਨਾਮ ਜਾਂ ਸ਼ਬਦ (ਵਾਹਿਗੁਰੂ) ਰੂਪੀ ਆਕਾਰ ਧਾਰਨ ਕੀਤਾ। ਇਸ ਲਈ ਸਤਿਨਾਮ ਤੇ ਅਕਾਲ ਪੁਰਖ ਵਿਚ ਕੋਈ ਅੰਤਰ ਹੀ ਨਹੀਂ ਅਤੇ ਅਕਾਲ ਪੁਰਖ ਵਾਗੂੰ ਸਤਿਨਾਮ ਵੀ ਸਰਬ ਵਿਆਪਕ, ਸਦੀਵੀ ਤੇ ਅਨੰਤ ਹੈ।

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।
(ਪੰ: ੪੬੩)

ਮਹਾਂਵਾਕ ਇਸੇ ਸਚਾਈ ਨੂੰ ਪ੍ਰਗਟਾਉਂਦਾ ਹੈ। ਇਸੇ ਲਈ ਇਹ ਸਤਿਨਾਮ ਬਾਕੀ ਸਾਰਿਆਂ ਨਾਮਾਂ ਵਿਚੋ ਸ਼ਿਰੋਮਣੀ ਹੈ:

ਨਾਮ ਸਿਰੋਮਣਿ ਸਰਬਮੈ ਭਗਤ ਰਹੇ ਲਿਵਧਾਰ।।
(ਪੰ: ੧੩੯੩)

ਅਤੇ ਇਸੇ ਕਾਰਨ ਇਹ ਸਤਿਨਾਮ ਸਾਰਿਆਂ ਮੱਤਾਂ ਜਾਂ ਧਰਮਾਂ ਤੋਂ ਵੀ ਸ੍ਰੇਸ਼ਟ ਹੈ:

ਸਗਲ ਮਤਾਂਤ ਕੇਵਲ ਹਰਿਨਾਮ।। (ਪੰ: ੨੯੬)

ਇਸ ਸਤਿਨਾਮ ਨੂੰ ਸਾਜ ਕੇ ਫ਼ਿਰ ਇਸੇ ਦੇ ਰਾਹੀਂ 'ਦੂਜੀ' ਆਪਣੀ ਕਾਇਨਾਤ, ਕੁਦਰਤ ਜਾਂ ਸ੍ਰਿਸ਼ਟੀ ਸਾਜੀ:

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।
(ਪੰ:੪੬੩)

ਇਸੇ ਭਾਵ ਨੂੰ ਇਹ ਮਹਾਂਵਾਕ ਦਰਸਾਉਂਦੇ ਹਨ:

ਨਿਰਭਉ ਨਿਰੰਕਾਰੁ ਸਚੁ ਨਾਮੁ।।
ਜਾ ਕਾ ਕੀਆ ਸਗਲ ਜਹਾਨੁ।। (ਪੰ:੪੬੫)
ਕੀਤਾ ਪਸਾਉ ਏਕੋ ਕਵਾਉ।। (ਪੰ: ੩)
ਨਾਮੈ ਹੀ ਤੇ ਸਭੁ ਕਿਛੁ ਹੋਆ......।। (ਪੰ: ੭੫੩)
ਏਕੋ ਸਬਦੁ ਏਕੋ ਪ੍ਰਭੁ ਵਰਤੈ
ਸਭ ਏਕਸੁ ਤੇ ਉਤਪਤਿ ਚਲੈ।। (ਪੰ:੧੩੩੪)
ਇਕੁ ਕਵਾਉ ਕਰਿ ਨਿਰੰਕਾਰਿ ਆਕਾਰੁ ਬਣਾਇਆ।।
(ਭਾ:ਗੁ: ੧੬/੧੧)
ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।।
(ਭਾ:ਗੁ: ੧/੪)
ਇਕ ਕਵਾਉ ਪਸਾਉ ਨਦਰਿ ਨਿਹਾਲਿਆ।।
(ਭਾ:ਗੁ: ੨੧/੧੭)

ਭਾਵ ਕਰਤਾਰ ਨੇ ਇਕ ਕਵਾਉ (ਬਚਨ ਜਾਂ ਸਬਦ) ਤੋਂ ਆਕਾਰ ਰਚ ਕੇ ਸਾਰਾ ਪਸਾਰਾ ਰਚਿਆ। ਉਹ ਬਚਨ ਜਾਂ ਸ਼ਬਦ ਸੀ ਸਤਿਨਾਮ (ਵਾਹਿਗੁਰੂ)। ਸੁਖਮਨੀ ਸਾਹਿਬ ਵਿਚ ਹੋਰ ਵੀ ਸਪਸ਼ਟ ਤੌਰ ਤੇ ਇਸ ਸਚਾਈ ਨੂੰ ਦਰਸਾਇਆ ਗਿਆ ਹੈ:


www.AKJ.Org

ਨਾਮ ਕੇ ਧਾਰੇ ਸਗਲੇ ਜੰਤ।।
ਨਾਮ ਕੇ ਧਾਰੇ ਖੰਡ ਬ੍ਰਹਮੰਡ।।
.........................................
ਨਾਮ ਕੇ ਧਾਰੇ ਆਗਾਸ ਪਾਤਾਲ।।
ਨਾਮ ਕੇ ਧਾਰੇ ਸਗਲ ਆਕਾਰ।।
ਨਾਮ ਕੇ ਧਾਰੇ ਪੁਰੀਆ ਸਭ ਭਵਨ।। (ਪੰ: ੨੮੪)

ਪਰ ਇਸ ਸਤਿਨਾਮ ਨੂੰ ਕਰਤਾ ਪੁਰਖ ਨੇ ਆਪਣੀ ਰਜ਼ਾ ਵਿਚ ਸਦਾ ਗੁਪਤ ਹੀ ਰੱਖਿਆ। ਇਸੇ ਲਈ ਪਿਛਲੇ ਜੁਗਾਂ ਦੇ ਭਗਤ ਲੋਕ, ਦੇਵਤੇ ਤੇ ਮੁਨੀ ਲੋਕ ਇਸ ਨੂੰ ਲੋਚਦੇ ਰਹੇ ਪਰ ਉਨ੍ਹਾਂ ਨੂੰ ਪ੍ਰਾਪਤ ਨਾ ਹੋ ਸਕਿਆ ਤੇ ਅੰਤ ਕਲਿਜੁਗ ਵਿਚ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਹੀ ਪ੍ਰਾਪਤ ਹੋਇਆ:

ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ
ਅੰਮ੍ਰਿਤ ਗੁਰ ਤੇ ਪਾਇਆ।। (ਪੰ: ੬੧੮)
ਸਾਧਿਕ ਸਿਧ ਜਿਸੈ ਕਉ ਫਿਰਦੇ।।
ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ।।
ਕੋਟਿ ਤੇਤੀਸਾ ਖੋਜਹਿ ਤਾ ਕਉ
ਗੁਰ ਮਿਲਿ ਹਿਰਦੈ ਗਾਵਣਿਆ।।੨।। (ਪੰ: ੧੩੦)
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ।।
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ।। (ਪੰ: ੨੨੯)
ਮੈ ਜੁਗਿ ਜੁਗਿ ਦਯੈ ਸੇਵੜੀ।।
ਗੁਰਿ ਕਟੀ ਮਿਹਡੀ ਜੇਵੜੀ।। (ਪੰ: ੭੪)

ਅਕਾਲ ਪੁਰਖ ਨੇ ਇਸ ਗੁਪਤ ਸਤਿਨਾਮ ਨੂੰ ਪਹਿਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਤਾਈਂ ਹੀ ਪ੍ਰਗਟਾਇਆ ਤੇ ਪ੍ਰਗਟਾਇਆ ਜਗਤ ਉਧਾਰਨ ਦੇ ਪਰਉਪਕਾਰ ਨਮਿਤ। ਸਤਿਗੁਰੂ ਨਾਨਕ ਜੀ ਨੂੰ, ਜੋ ਜੋਤਿ ਕਰਕੇ ਅਕਾਲ ਪੁਰਖ ਦਾ ਆਪਣਾ ਹੀ ਸਰੂਪ ਸੀ, ਸਤਿਨਾਮ ਦੇ ਰਾਹੀਂ ਜਗਤ ਉਧਾਰ ਦੇ ਮਹਾਨ ਉਪਕਾਰ ਲਈ ਜਗਤ ਵਿਚ ਭੇਜਿਆ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਸੰਬੰਧੀ ਇਹ ਮਹਾਂਵਾਕ ਹਨ:

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰ ਉਪਕਾਰੀ ਆਏ।। (ਪੰ: ੭੪੯)
ਹਉ ਬਲਿਹਾਰੀ ਸਤਿਗੁਰ ਅਪੁਨੇ
ਜਿਨਿ ਗੁਪਤੁ ਨਾਮੁ ਪਰਗਾਝਾ।। (ਪੰ: ੬੯੭)
ਗੁਪਤੀ ਬਾਣੀ ਪਰਗਟੁ ਹੋਇ।।
ਨਾਨਕ ਪਰਖਿ ਲਏ ਸਚੁ ਸੋਇ।। (ਪੰ: ੯੪੪)
ਗੁਹਜ ਕਥਾ ਇਹ ਗੁਰ ਤੇ ਜਾਣੀ।।
ਨਾਨਕੁ ਬੋਲੈ ਹਰਿ ਹਰਿ ਬਾਣੀ।। (ਪੰ: ੭੩੯)

ਭਾਵ: - ਸ੍ਰੀ ਗੁਰੂ ਨਾਨਕ ਜੀ ਤੋਂ ਕੁਰਬਾਨ ਜਾਈਏ ਜਿਨ੍ਹਾਂ ਨੇ ਗੁਪਤ ਸਤਿਨਾਮ ਨੂੰ ਪ੍ਰਗਟ ਕਰਕੇ ਜਗਤ ਕਲਿਆਣ ਦਾ ਧੁਰਵਾ ਬੰਨ੍ਹਿਆ। ਜਿਸ ਪ੍ਰਾਣੀ ਤੇ ਗੁਰੂ ਨਾਨਕ ਮੇਹਰ ਸਦਕਾ ਇਹ ਸਤਿਨਾਮ ਰੂਪੀ ਗੁਪਤ ਬਾਣੀ ਪ੍ਰਗਟ ਹੋ ਗਈ ਉਸ ਨੂੰ ਆਦਿ, ਹੈਭੀ ਤੇ ਹੋਸੀ ਭੀ ਸਚੁ , ਅਕਾਲ ਪੁਰਖ ਵਾਹਿਗੁਰੂ ਦੀ ਸੱਚੀ ਪਛਾਣ ਹੋ ਗਈ।

ਇਥੇ ਇਕ ਹੋਰ ਭੁਲੇਖਾ ਦੂਰ ਕਰਨਾ ਵੀ ਜ਼ਰੂਰੀ ਹੈ। ਕਈਆਂ ਦਾ ਇਹ ਵੀਚਾਰ ਹੈ ਕਿ ਸ-ਤਿ-ਨਾ-ਮ ਦਾ ਇਹ ਚਾਰ ਅੱਖਰਾਂ ਵਾਲਾ ਸ਼ਬਦ ਹੀ ਅਕਾਲ ਪੁਰਖ ਦਾ ਸਤਿਨਾਮ ਹੈ ਕਿਉਂਕਿ ਇਸ ਦਾ ਭਾਵ ਅਰਥ ਹੀ ਹੈ ਸੱਚਾ ਜਾਂ ਸਦਾ ਰਹਿਣ ਵਾਲਾ ਨਾਮ। ਇਸ ਲਈ ਐਸੇ ਪ੍ਰਾਣੀ ਇਸ ਅੱਖਰ *'ਸਤਿਨਾਮ'* ਦਾ ਜਾਪ, ਸਿਮਰਨ ਕਰਨਾ ਹੀ ਕਰਤੇ ਪੁਰਖ ਦੀ ਉਪਾਸ਼ਨਾ ਭਗਤੀ ਮੰਨਦੇ ਹਨ। ਗੁਰਮਤਿ ਅਨੁਸਾਰ ਅੱਖਰ ਸਤਿਨਾਮ ਪਰਾ ਪੂਰਬਲੇ ਨਾਮ ਦਾ ਲਖਾਇਕ ਵਿਸ਼ੇਸ਼ਨ ਹੈ ਅਤੇ ਉਹ ਪਰਾਪੂਰਬਲਾ ਨਾਮ ਜੋ ਅਕ੍ਰਿਤਮ ਨਾਮ ਹੈ, ਜਿਸ ਨੂੰ ਅਕਾਲ ਪੁਰਖ ਦੀ ਰਚੀ ਰਚਨਾ ਵਿਚੋਂ ਕਿਸੇ ਨੇ ਨਹੀਂ ਰਚਿਆ ਬਲਕਿ ਅਕਾਲ ਪੁਰਖ ਨੇ ਆਪ ਹੀ "ਆਪੀਨੈ ਰਚਿਉ ਨਾਉ" ਦੇ ਮਹਾਂਵਾਕ ਅਨੁਸਾਰ ਰਚਿਆ, ਉਹ ਇਕ ਵਖਰਾ ਨਾਮ ਹੈ ਜੋ ਸਤਿਗੁਰੂ ਜੀ ਗੁਰਮੰਤ੍ਰ ਦੇ ਰੂਪ ਵਿਚ "ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ।।" (ਪੰ:੧੯੦) ਅਭਿਲਾਸੀ, ਮੁਤਲਾਸ਼ੀ ਤੇ ਅਧਿਕਾਰੀ ਜਨਾਂ ਨੂੰ ਦਰਸਾਉਂਦੇ ਦ੍ਰਿੜਾਉਂਦੇ ਸਨ ਤੇ ਹਨ। ਗੁਰਮੰਤ੍ਰ ਦੀ ਇਕ ਖਾਸ ਵਿਸ਼ੇਸ਼ਤਾ ਹੈ ਕਿ ਇਹ ਸਦਾ ਹੀ ਗੁਪਤ ਰਹਿੰਦਾ ਹੈ ਤੇ ਕੇਵਲ ਗੁਰੂ ਦੀ ਰਾਹੀਂ ਹੀ ਅਧਿਕਾਰੀ ਜਨਾਂ ਨੂੰ ਪ੍ਰਾਪਤ ਹੁੰਦਾ ਹੈ। ਇਸੇ ਮਰਯਾਦਾ ਅਨੁਸਾਰ ਅਕਾਲ ਪੁਰਖ ਵਲੋਂ ਸਤਿਨਾਮ ਦਰਸਾਉਣ, ਪ੍ਰਗਟਾਉਣ ਤੇ ਅਧਿਕਾਰੀ ਜਨਾਂ ਨੂੰ ਦ੍ਰਿੜ ਕਰਾਉਣ ਦਾ ਅਧਿਕਾਰ ਕੇਵਲ ਤੇ ਕੇਵਲ ਪੂਰੇ ਤੇ ਸੱਚੇ ਗੁਰੂ, ਅਕਾਲ ਪੁਰਖ ਦੀ ਨਿੱਜ ਗੁਰ ਜਯੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਪ੍ਰਾਪਤ ਹੋਇਆ ਅਤੇ ਦ੍ਰਿੜਾਇਆ ਗਿਆ:

ਸਚੁ ਨਾਮੁ ਕਰਤਾਰੁ ਸੁ ਦ੍ਰਿੜੁ,
ਨਾਨਕਿ ਸੰਗ੍ਰਹਿਅਉ।। (ਪੰ: ੧੩੯੫)

ਭਾਵ :- ਕਰਤਾਰ ਮਈ ਸਤਿਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਰਤਾਰ ਨੇ ਆਪ ਹੀ ਦ੍ਰਿੜ ਕਰਾਇਆ ਤੇ ਇਸ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਚੇ ਨਾਮ ਨੂੰ ਸੰਗ੍ਰਹਿਣ ਕੀਤਾ।

ਇਸ ਲਈ ਜ਼ਰੂਰੀ ਸੀ ਕਿ ਗੁਰੂ ਨਾਨਕ ਦੇਵ ਜੀ ਵੀ ਏਸ ਨੂੰ ਗੁਪਤ ਹੀ ਰਖਦੇ ਤੇ ਉਹਨਾਂ ਗੁਪਤ ਹੀ ਰਖਿਆ। ਆਪ ਅਧਿਕਾਰੀ ਜਨਾਂ ਪਾਸ ਜਾ ਜਾ ਕੇ, ਉਨ੍ਹਾਂ ਦੀ ਪਰਖ ਕਰਕੇ, ਹਿਰਦਾ ਨਿਰਮਲ ਕਰਕੇ ਉਨ੍ਹਾਂ ਪ੍ਰਤਿ ਗੁਪਤੋ ਗੁਪਤ ਹੀ ਦਰਸਾਉਂਦੇ ਦ੍ਰਿੜਾਉਂਦੇ ਰਹੇ। ਐਥੋਂ ਤਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਸ੍ਰੀ ਗੁਰੂ ਨਾਨਕ


www.AKJ.Org

ਦੇਵ ਜੀ ਵਾਗੂੰ ਹੀ ਸਤਿਨਾਮ ਦੇ ਸੋਮੇ ਹਨ, ਵਿੱਚ ਵੀ ਆਮ ਤੌਰ ਤੇ ਗੁਪਤ ਹੀ ਰਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਮੂਹ ਬਾਣੀ ਸਤਿਨਾਮ ਨੂੰ ਹੀ ਦ੍ਰਿੜਾਉਂਦੀ ਹੈ ਅਤੇ ਥਾਂ ਥਾਂ ਤੇ ਸਤਿਨਾਮ ਦੀ ਮਹਿਮਾ, ਸਿਮਰਨ, ਜਾਪ ਸੰਬੰਧੀ ਮਹਾਂਵਾਕ ਹਨ ਪਰ ਸਤਿਨਾਮ ਦੇ ਥਾਂ ਹੋਰ ਕ੍ਰਿਤਮ ਨਾਮ: ਗੋਪਾਲ, ਹਰਿ, ਰਾਮ, ਆਦਿ ਜਾਂ ਕੇਵਲ ਨਾਮ, ਨਾਉ, ਸਬਦ, ਸਚਾ ਸਬਦ, ਸਚਾ ਨਾਮ, ਸਤਿ ਨਾਮ, ਏਕੋ ਨਾਮ, ਆਦਿਕ ਸੰਕੇਤਕ ਸ਼ਬਦ ਹੀ ਵਰਤੇ ਹਨ। ਸੋ ਸਤਿਗੁਰੂ ਨੇ ਆਪ ਹੀ:

ਨਾਮੁ ਰਤਨੁ ਲੈ ਗੁਝਾ ਰਖਿਆ।। (ਪੰ: ੧੩੦)

ਇਸ ਇਕੋ ਇਕ ਗੁੱਝੇ ਜਾਂ ਗੁਪਤ ਨਾਮ ਦੇ ਜਪਣ ਸੰਬੰਧੀ ਹੀ ਇਹ ਮਹਾਂਵਾਕ ਹਨ:

ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ।। (ਪੰ: ੭੨)
ਜਪਹੁ ਤ ਏਕੋ ਨਾਮਾ।।
ਅਵਰਿ ਨਿਰਾਫਲ ਕਾਮਾ।। (ਪੰ: ੭੨੮)
ਏਕੁ ਨਾਮੁ ਤਾਰੇ ਸੰਸਾਰੁ।। (ਪੰ: ੧੧੭੫)
ਏਕੋ ਨਾਮੁ ਧਿਆਇ ਮਨ ਮੇਰੇ।। (ਪੰ: ੮੯੬)
ਏਕ ਨਾਮ ਕੋ ਥੀਓ ਪੂਜਾਰੀ
ਮੋ ਕਉ ਅਚਰਜੁ ਗੁਰਹਿ ਦਿਖਾਇਓ।। (ਪੰ: ੨੦੯)
ਏਕੁ ਸਬਦੁ ਦੂਜਾ ਹੋਰੁ ਨਾਸਤਿ....।। (ਪੰ: ੧੫੫)
ਏਕੁ ਸਬਦੁ ਰਾਮ ਨਾਮ ਨਿਰੋਧਰੁ
ਗੁਰੁ ਦੇਵੈ ਪਤਿ ਮਤੀ।। (ਪੰ: ੯੩੧)
ਏਕੋ ਨਾਮੁ ਅੰਮ੍ਰਿਤ ਹੈ ਮੀਠਾ
ਜਗਿ ਨਿਰਮਲ ਸਚੁ ਸੋਈ।। (ਪੰ: ੧੨੫੯)

ਉਪਰਲੇ ਮਹਾਂਵਾਕ ਸਾਫ਼ ਸਪਸ਼ਟ ਕਰਦੇ ਹਨ ਕਿ ਗੁਰਮਤਿ ਵਿਚ ਕੇਵਲ ਏਕੋ ਸਤਿਨਾਮ ਦੇ ਜਪਣ ਦਾ ਹੁਕਮ ਹੈ। ਹੋਰ ਕਿਸੇ ਕਿਰਤਮ, ਕਰਮ ਜਾ ਸਿਫ਼ਾਤੀ ਨਾਮ ਦੇ ਜਪਣ ਦਾ ਹੁਕਮ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਕਿਰਤਮ ਨਾਮਾਂ ਦਾ ਜਾਪ ਸਿਮਰਣ ਪੂਰਨ ਫ਼ਲਦਾਇਕ ਹੋ ਸਕਦਾ ਹੈ।

ਇਸ ਗੁਪਤ ਨਾਮ ਦੇ ਦਰਸਾਉਣ ਤੇ ਦ੍ਰਿੜਾਉਣ ਦਾ ਅਧਿਕਾਰ ਅਕਾਲ ਪੁਰਖ ਨੇ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਬਖਸ਼ਿਆ। ਇਸੇ ਲਈ ਗੁਰਬਾਣੀ ਵਿਚ ਥਾਂ ਥਾਂ ਤੇ ਇਸ ਸੰਬੰਧੀ ਤਕੀਦੀ ਇਸ਼ਾਰੇ ਮਿਲਦੇ ਹਨ :

ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ।। (ਪੰ: ੩੩)

(ਕਰਤਾਰ ਕਰਤਾ ਪੁਰਖ ਦਾ ਸੱਚਾ ਨਾਮ ਕੇਵਲ ਗੁਰੂ ਨਾਨਕ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ।)

ਸਤਿਗੁਰੁ ਦਾਤਾ ਰਾਮਨਾਮ ਕਾ
ਹੋਰੁ ਦਾਤਾ ਕੋਈ ਨਾਹੀ।। (ਪੰ: ੧੨੫੮)
ਬਿਨੁ ਸਤਿਗੁਰ ਕੋ ਨਾਉ ਨ ਪਾਏ
ਪ੍ਰਭਿ ਐਸੀ ਬਣਤ ਬਣਾਈ ਹੇ।। (ਪੰ: ੧੦੪੬)
ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ
ਭੰਨਣ ਘੜਣ ਸਮਰਥੁ।। (ਪੰ: ੩੧੭)
ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ
ਸਤਿਗੁਰ ਚੇਤਿਆ ਨ ਜਾਇ।। (ਪੰ: ੫੫੬)
ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ।।
ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ।। (ਪੰ: ੪੬੬)
ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ
ਜੇ ਸਉ ਲੋਚੈ ਕੋਈ।। (ਪੰ: ੧੪੧੬)

ਸੋ ਸਪਸ਼ਟ ਹੈ ਕਿ ਇਹ ਅਜ਼ਲੀ ਤੇ ਅਕਾਲ ਪੁਰਖ ਦਾ ਨਿੱਜ ਰਚਿਆ ਪਰਾ ਪੂਰਬਲਾ ਸਤਿਨਾਮ ਕੇਵਲ ਪੂਰੇ ਤੇ ਸਚੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਤਾਂ ਹੋਰ ਸੱਚਾ ਜਾਂ ਪੂਰਾ ਗੁਰੂ ਕੋਈ ਹੈ ਹੀ ਨਹੀਂ:

ਸਤਿਗੁਰ ਬਾਝਹੁ ਗੁਰੁ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ।। (ਪੰ: ੪੩੫)
ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ
ਸਤਿਗੁਰ ਨਾਮੁ ਧਿਆਇਆ।। (ਪੰ: ੮੮੨)

ਭਾਵੇਂ ਇਸ ਸਤਿਨਾਮ ਨੂੰ ਆਮ ਤੌਰ ਤੇ ਗੁਪਤ ਹੀ ਰਖਿਆ ਗਿਆ ਪਰ ਅਕਾਲੀ ਯੋਜਨਾ ਅਨੁਸਾਰ ਗੁਰ ਨਾਨਕ ਜੋਤਿ ਨੇ ਰਹਿੰਦੀ ਦੁਨੀਆਂ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਖਾਲਸਾ ਪੰਥ ਵਿਚ ਨਿਵਾਸ ਕਰਕੇ ਸਾਰੀ ਸ੍ਰਿਸ਼ਟੀ ਦੇ ਉਧਾਰ ਦਾ ਪ੍ਰਬੰਧ ਕਰਨਾ ਸੀ, ਸੋ ਇਸ ਨੇ ਇਕ ਦਿਨ ਪ੍ਰਗਟ ਹੋਣਾ ਹੀ ਸੀ। ਹੋ ਸਕਦਾ ਹੈ ਕਿ ਇਸੇ ਮੰਤਵ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਭੱਟਾਂ ਦੇ ਸਵੈਯਾਂ ਵਿਚ ਤੇ ਫਿਰ ਇਸ ਤੋਂ ਉਪ੍ਰੰਤ ਵਿਚ ਭਾਈ ਗੁਰਦਾਸ ਜੀ ਨੇ ਇਸ ਗੁਪਤ ਨਾਮ ਨੂੰ ਆਪਣੀ ਰਚਨਾ ਵਿਚ ਪ੍ਰਗਟ ਤੌਰ ਤੇ ਲਿਖ ਦਿਤਾ ਤਾਂ ਜੋ ਇਸ ਸੰਬੰਧੀ ਭਵਿੱਖ ਵਿਚ ਕਿਸੇ ਕਿਸਮ ਦਾ ਭੁਲੇਖਾ ਨਾ ਪੈ ਸਕੇ। ਭਾਈ ਗੁਰਦਾਸ ਜੀ ਇਸ ਤਰ੍ਹਾਂ ਇਸ ਸਤਿਨਾਮੁ ਨੂੰ ਪ੍ਰਗਟਾਉਂਦੇ ਤੇ ਦਰਸਾਉਂਦੇ ਹਨ :

ਬੇਦ ਕਤੇਬ ਅਗੋਚਰਾ ਵਾਹਿਗੁਰੂ
ਗੁਰ ਸਬਦੁ ਸੁਣਾਇਆ।। (੧੨/੧੭)
ਸਤਿਗੁਰੁ ਸਤਿਨਾਮੁ ਕਰਿ,
ਸਤਿਗੁਰ ਨਾਨਕ ਦੇਉ ਜਪਾਇਆ।। (੧੪/੧)

..............................

(ਬਾਕੀ ਪੰਨਾ 15 ਤੇ)



www.AKJ.Org

# ਬਾਬਾ ਦੀਪ ਸਿੰਘ ਜੀ ਸ਼ਹੀਦ

(ਪ੍ਰੋ : ਜੋਗਿੰਦਰ ਸਿੰਘ, ਦਿੱਲੀ)

(੧)

ਬਾਬਾ ਦੀਪ ਸਿੰਘ ਜੀ ਦਾ ਜਨਮ ੨੬ ਜਨਵਰੀ ੧੬੮੨ ਈਸਵੀ ਨੂੰ ਪਹੂ-ਵਿੰਡ ਜ਼ਿਲਾ ਅੰਮ੍ਰਿਤਸਰ ਦੀ ਸੁਹਾਵੀ ਧਰਤੀ ਉਤੇ ਪਿਤਾ ਭਗਤਾ ਜੀ ਦੇ ਗ੍ਰਿਹ ਤੇ ਮਾਤਾ ਜੀਉਣੀ ਦੀ ਪਵਿੱਤਰ ਕੁੱਖੋਂ ਹੋਇਆ। ਉਹਨਾਂ ਦੀ ਸ਼ਹੀਦ ਸ਼ਬਦ-ਸਵਾਰੀ ਸ਼ਖ਼ਸੀਅਤ ਦੀ ਸੰਵਾਰੀ ਸਿਰਜਨਾ ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤ ਛੋਹ ਤੇ ਯੋਗ ਅਗਵਾਈ ਹੇਠ ਹੀ ਹੋਈ ਸੀ। ਪਿਤਾ ਭਗਤਾ ਜੀ ਆਪਣੀ ਜਵਾਨ ਉਮਰ ਤੋਂ ਹੀ ਗੁਰੂ ਦਰਸ਼ਨ ਦੇ ਪ੍ਰੇਮੀ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦਰ-ਦਰਬਾਰ ਵਿੱਚ ਰਹਿ ਕੇ ਸੇਵਾ ਵਿੱਚ, ਯੁੱਧਾਂ ਵਿੱਚ, ਸਿਰਜਨਾਤਮਿਕ ਕੰਮਾਂ ਵਿੱਚ ਤੇ ਪੰਥ ਦੀ ਸੁਤੰਤਰ ਉਸਾਰੀ ਵਿੱਚ ਉਹ ਆਪਣਾ ਵਿਸ਼ੇਸ਼ ਫਰਜ਼ ਅਦਾ ਕਰਿਆ ਕਰਦੇ ਸਨ। ਭਾਈ ਭਗਤਾ ਜੀ ਦੀ ਸਮੁੱਚੀ ਜੀਵਨ-ਕਿਰਿਆ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਆਪਣਾ ਤਨ, ਮਨ ਤੇ ਧਨ ਗੁਰੂ ਨੂੰ ਸੌਂਪਿਆ ਹੋਇਆ ਸੀ।

ਬਾਬਾ ਦੀਪ ਸਿੰਘ ਜੀ ਹਾਲਾਂ ਚੜ੍ਹਦੀ ਜਵਾਨੀ ਵਿੱਚ ਹੀ ਸਨ ਕਿ ਉਹਨਾਂ ਨੂੰ ਆਪਣੇ ਪਿਤਾ-ਪਰਵਾਰ ਨਾਲ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿੱਚ ਜਾਣ ਦਾ ਮਾਣ ਮਿਲ ਗਿਆ। ਭਾਈ ਭਗਤਾ ਜੀ ਤੇ ਉਹਨਾਂ ਦਾ ਬਾਕੀ ਪਰਿਵਾਰ ਗੁਰੂ-ਦਰਸ਼ਨ ਦੀਦਾਰ ਕਰਕੇ ਅਨੰਦਪੁਰ ਸਾਹਿਬ ਤੋਂ ਵਾਪਸ ਪਹੂ-ਵਿੰਡ (ਜ਼ਿਲਾ ਅੰਮ੍ਰਿਤਸਰ ਵਿੱਚ) ਚਲਾ ਗਿਆ। ਪਰ ਬਾਬਾ ਦੀਪ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਵੱਲੀ ਨਦਰਿ ਹੇਠ ਅਨੰਦਪੁਰ ਸਹਿਬ ਹੀ ਰੱਖ ਲਿਆ। ਬਾਬਾ ਦੀਪ ਸਿੰਘ ਜੀ ਦੀ ਸਮੁੱਚੀ ਸਿੱਛਾ (ਵਿਦਿਆ ਤੇ ਸਿਖਿਆ ) ਦਾ ਪ੍ਰਬੰਧ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਕੀਤਾ।

ਸਿੱਛਾ ਦੇ ਉਸ ਵੇਲੇ ਵੱਡੇ ਅੰਗ ਦੋ ਹੀ ਹੁੰਦੇ ਸਨ। ਪਹਿਲਾਂ ਉਹ ਬੋਲੀ ਤੇ ਅਰਥ ਬੋਧ ਸਮਝਾਇਆ ਜਾਂਦਾ ਸੀ ਜਿਸ ਨਾਲ ਬਾਣੀ ਦੀ ਜੀਵਨ ਕ੍ਰਿਆ ਨੂੰ ਪਛਾਣਿਆ ਤੇ ਮਾਣਿਆ ਜਾ ਸਕੇ। ਦੂਜਾ ਸ਼ਸਤਰਾਂ ਦੀ ਉਹ ਸਾਰੀ ਵਿਦਿਆ ਸਿਖਾਈ ਜਾਂਦੀ ਸੀ ਜਿਸ ਨਾਲ ਮੱਨੁਖ ਅੰਦਰ ਧਰਮ-ਯੁੱਧ ਦਾ ਚਾਅ ਪੈਦਾ ਹੋ ਸਕੇ। ਸਿੱਖ ਗ੍ਰੰਥਕਾਰ ਗਵਾਹ ਹਨ ਕਿ ਬਾਬਾ ਦੀਪ ਸਿੰਘ ਜੀ ਨੇ ਨਿਰੰਤਰ ਤਿੰਨ ਸਾਲ ਗੁਰੂ ਗੋਬਿੰਦ ਸਿੰਘ ਦੀ ਤਾਬਿਆ ਵਿੱਚ ਰਹਿ ਕੇ, ਸੰਗਤੀ ਜੀਵਨ ਮਾਣ ਕੇ, ਅੰਮ੍ਰਿਤ ਨਾਲ ਆਪਣੇ ਆਪ ਨੂੰ ਸ਼ਿੰਗਾਰ ਕੇ, ਸ਼ਸਤਰਾਂ-ਅਸਤਰਾਂ ਨਾਲ ਆਪਣੀ ਸਮੁੱਚੀ ਸ਼ਖਸੀਅਤ ਨੂੰ ਸਜਾ-ਸੰਵਾਰ ਕੇ ਜਾਗਦੇ ਯੋਧੇ ਦੇ ਰੂਪ ਵਿੱਚ ਇਸ ਤਰ੍ਹਾਂ ਸਿਰਜ ਲਿਆ ਸੀ ਜਿਵੇਂ ਕਿ ਉਹ ਗੁਰੂ-ਦਰਬਾਰ ਦੀ ਖਾਸ ਵਰਸੋਈ ਹੋਈ ਸ਼ਖ਼ਸੀਅਤ ਹੈ। ਖਾਲਸੇ ਦੀ ਰਚਨਾ ਤੇ ਅਨੰਦਪੁਰ ਸਾਹਿਬ ਦੇ ਯੁਧਾਂ ਵੇਲੇ ਵੀ ਬਾਬਾ ਦੀਪ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਹੀ ਵਿਚਰਦ ਰਹੇ।

੧੭੦੩ ਈ: ਵਿੱਚ ਜਦੋਂ ਭਗਤਾ ਜੀ ਦੁਬਾਰਾ ਗੁਰੂ-ਦਰਸ਼ਨਾਂ ਲਈ ਆਏ ਤਾਂ ਗੁਰੂ-ਆਗਿਆ ਅਨੁਸਾਰ ਬਾਬਾ ਦੀਪ ਸਿੰਘ ਜੀ ਨੂੰ ਵਾਪਿਸ ਲੈ ਗਏ। ਅਨੰਦਪੁਰ ਛਡੱਣ ਤੇ ਸਰਬੰਸ ਨੂੰ ਸ਼ਹੀਦ ਕਰਵਾਉਣ ਪਿਛੋਂ ੧੭੦੪ ਈ: ਨੂੰ ਜਦੋਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੰਘਾਂ-ਸਾਥੀਆਂ ਸਮੇਤ *ਸਾਬੋ ਕੀ ਤਲਵੰਡੀ* (ਦਮਦਮਾ ਸਾਹਿਬ) ਆ ਬਿਰਾਜੇ ਤਾਂ ਇਥੇ ਹੀ ਉਹਨਾਂ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਪੁਨਰ ਰੂਪ ਵਿੱਚ ਸਿਰਜਨ ਦਾ ਸੁਪਨਾ ਲਿਆ ਤੇ ਭਾਈ ਮਨੀ ਸਿੰਘ ਜੀ ਨੂੰ ਇਹ ਸਾਰੀ ਬੀੜ ਲਿਖਣ ਦੀ ਸੇਵਾ ਵੀ ਬਖ਼ਸ਼ੀ। ਚੂੰਕਿ ਬਾਬਾ ਦੀਪ ਸਿੰਘ ਜੀ ਇਸ ਵੇਲੇ ਤਕ ਵਿਦਵਤਾ ਤੇ ਬਾਣੀ-ਅਭਿਆਸ ਵਜੋਂ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਸਨ ਇਸ ਕਰਕੇ ਆਦਿ ਬੀੜ ਦੀ ਪੁਨਰ ਤੇ ਸੰਪੂਰਨ ਉਸਾਰੀ ਵਾਸਤੇ ਭਾਈ ਮਨੀ ਸਿੰਘ ਜੀ ਦੇ ਨਾਲ ਸਹਾਇਕ ਵਜੋਂ ਬਾਬਾ ਦੀਪ ਸਿੰਘ ਜੀ ਦੀ ਵੀ ਸੇਵਾ ਲਾਈ ਗਈ। ਬਾਬਾ ਦੀਪ ਸਿੰਘ ਜੀ ਨੇ ਇਸ ਸੇਵਾ ਨੂੰ ਜਿਸ ਖ਼ੂਬਸੂਰਤੀ ਤੇ ਸਤਿਕਾਰ ਨਾਲ ਨਿਭਾਇਆ, ਉਸ ਦਾ ਹੀ ਫਲ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਆਦੇਸ਼ ਪ੍ਰਪਾਤ ਹੋਇਆ ਕਿ ਆਪ ਸਾਬੋ ਕੀ ਤਲਵੰਡੀ ਵਿੱਚ ਰਹਿ ਕੇ ਜਿਥੇ ਧਰਮ ਪ੍ਰਚਾਰ ਕਰੋ, ਉਥੇ ਬਾਣੀ ਨਾਲ ਗੁਰਸਿੱਖਾਂ ਨੂੰ ਜੋੜ ਕੇ ਪੰਥਕ ਸ਼ਕਤੀ ਵਿੱਚ ਵਾਧਾ ਕਰੋ। ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਬਖਸ਼ ਕੇ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਪੰਜਾਬ ਛੱਡ ਦੱਖਣ ਵਲ ਚਲੇ ਗਏ ਪਰ ਗੁਰੂ ਹੁਕਮਾਂ ਅਨੁਸਾਰ ਬਾਬਾ ਦੀਪ ਸਿੰਘ ਜੀ ਪਰਿਵਾਰਕ ਮੋਹ ਤਿਆਗ ਕੇ, ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਵੀ ਕਰਦੇ ਰਹੇ, ਸਿੱਖ ਸੰਗਤਾਂ ਨੂੰ ਬਾਣੀ ਦਾ ਅਰਥ ਬੋਧ ਵੀ ਕਰਵਾਂਦੇ ਰਹੇ ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਹੱਥ-ਲਿਖਤ ਉਤਾਰੇ ਵੀ ਕਰਾਂਦੇ ਰਹੇ। ੧੭੦੮ ਈ: ਤਕ ਬਾਬਾ ਦੀਪ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿਸ਼ਟੀ ਵਿੱਚ ਹੀ ਨਹੀਂ, ਸਗੋਂ ਸਮੁੱਚੇ ਪੰਥ ਵਿੱਚ ਆਪਣੀ ਧਰਮੀ, ਸਚਿਆਰ,ਸੇਵਾ ਭਾਵੀ, ਨਿਰਭਉ ਤੇ ਜਾਗਦੀ ਸ਼ਖਸੀਅਤ ਕਾਰਨ



www.AKJ.Org

ਸੁਪ੍ਰਸਿੱਧੀ ਪ੍ਰਾਪਤ ਕਰ ਚੁਕੇ ਸਨ।

(੨)

੧੭੦੮ ਈ: ਵਿੱਚ ਹੀ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ (ਦੱਖਣ ਵਿੱਚ) ਦੇ ਸਥਾਨ ਉਤੇ ਗੁਰੂ ਗ੍ਰੰਥ ਸਾਹਿਬ ਨੂੰ ਅਧਿਆਤਮਿਕ ਗੁਰਤਾ ਪ੍ਰਦਾਨ ਕਰ ਕੇ ਜੋਤੀ ਜੋਤਿ ਸਮਾ ਗਏ, ਪਰ ਜੋਤੀ ਜੋਤਿ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਬੈਰਾਗੀ ਬੰਦੇ ਨੂੰ ਅੰਮ੍ਰਿਤ ਛਕਾ ਕੇ, ਮੌਤ ਨਾਲ ਮਖੌਲ ਕਰਨ ਦੀ ਸ਼ਹੀਦ ਕ੍ਰਿਆ ਸਮਝਾ-ਬੁਝਾ ਕੇ ਇਨਾਂ *'ਬਹਾਦਰ'* ਸਿਰਜ ਦਿੱਤਾ ਕਿ ਪੰਜਾਬ ਵਿੱਚ ਮੁਗਲਾਂ ਵਲੋਂ ਜੋ ਜ਼ੁਲਮ ਹੋਇਆ, ਖਾਸ ਕਰਕੇ ਸਰਹੰਦ ਦੇ ਹਾਕਮਾਂ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ ਨੂੰ ਦੀਵਾਰਾਂ ਵਿੱਚ ਚਿਣ ਕੇ ਜਿਵੇਂ ਜ਼ੁਲਮ ਕਮਾਇਆ, ਉਸ ਦਾ ਬਦਲਾ ਕੇਵਲ ਬੰਦਾ ਬਹਾਦਰ ਹੀ ਲੈਣ ਦੇ ਸਮਰੱਥ ਸੀ। ਗੁਰੂ-ਵਰਦਾਨਾਂ ਤੇ ਆਦੇਸ਼ਾਂ ਨੂੰ ਪ੍ਰਾਪਤ ਕਰਕੇ ਬੰਦਾ ਬਹਾਦਰ ਨਾਂਦੇੜ ਤੋਂ ਪੰਜਾਬ ਵੱਲ ਨੂੰ ਤੁਰ ਪਿਆ। ਬੰਦਾ ਬਹਾਦਰ ਦੇ ਪੰਜਾਬ ਆਉਣ ਦੀਆਂ ਧੁੰਮਾਂ ਪਹਿਲਾਂ ਹੀ ਪੈ ਚੁਕੀਆਂ ਸਨ ਤੇ ਬਾਬਾ ਦੀਪ ਸਿੰਘ ਵਰਗੇ ਅਨੇਕਾਂ ਧਰਮੀ ਯੋਧੇ ਇਸ ਤਿਆਰੀ ਵਿੱਚ ਸਨ ਕਿ ਬਹਾਦਰ ਬੰਦਾ ਆਵੇ ਤੇ ਗੁਰੂ-ਹੁਕਮਾਂ ਅਨੁਸਾਰ *'ਜ਼ਾਲਮਾਂ'* ਕੋਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲਿਆ ਜਾਵੇ।

੧੭੦੮ ਈ: ਵਿੱਚ ਹੀ ਬੰਦਾ ਬਹਾਦਰ ਪੰਜਾਬ ਆ ਗਿਆ। ਗੁਰੂ ਵਰਦਾਨ ਤੇ ਆਦੇਸ਼ ਉਸ ਦੇ ਕੋਲ ਸਨ, ਇਸ ਲਈ ਜਿਥੇ ਅਨੇਕਾਂ ਸਿੰਘਾਂ ਨੇ *'ਦੋਖਟ ਸਭਨ ਕੋ ਮੂਲ ਉਪਾਰਹਿ'* ਲਈ ਬੰਦਾ ਬਹਾਦਰ ਦੀਆਂ ਫੌਜਾਂ ਵਿੱਚ ਸ਼ਾਮਲ ਹੋ ਕੇ, ਸੱਚ-ਨਿਆਂ ਦੀ ਸਥਾਪਤੀ ਤੇ ਜ਼ਾਲਮਾਂ ਤੋਂ ਬਦਲਾ ਲੈਣ ਵਾਸਤੇ ਸਾਥ ਦਿੱਤਾ, ਉਥੇ ਦੀਪ ਸਿੰਘ ਜੀ ਨੇ ਦਮਦਮਾਂ ਸਾਹਿਬ ਦੀ ਸੇਵਾ-ਸੰਭਾਲ ਤੇ ਸਿੱਖੀ ਪ੍ਰਚਾਰ ਲਈ ਉੱਘੇ ਗੁਰੂ-ਸੇਵਕ ਭਾਈ ਨਥਾ ਸਿੰਘ ਨੂੰ ਸਾਰੀਆਂ ਜ਼ਿੰਮੇਵਾਰੀਆਂ ਸੰਭਾਲ ਕੇ, ਨਿਕਟ ਭਵਿੱਖ ਵਿੱਚ ਦੁਸ਼ਟ-ਜ਼ਾਲਮਾਂ ਨਾਲ ਬੰਦਾ ਬਹਾਦਰ ਦੇ ਹੋਣ ਵਾਲੇ ਨਿਰਣਾਮਈ ਯੁੱਧਾਂ ਵਿੱਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਸ਼ਾਮਲ ਕਰ ਲਿਆ। ਬਾਬਾ ਦੀਪ ਸਿੰਘ ਭਾਵੇਂ ਗੁਰੂ-ਸਿੱਖੀ ਦੇ ਪ੍ਰਚਾਰਕ ਤੇ ਸੇਵਾ-ਸੰਭਾਲ ਦੇ ਅਧਿਕਾਰੀ ਸਨ ਪਰ ਪਰਮ-ਸਾਧਨਾ ਤੇ ਨਿਡਰ ਕਰਮਾਂ ਕਾਰਨ ਉਹਨਾਂ ਅੰਦਰ ਇੰਨੀ ਸਿਰਜਨਾਤਮਿਕ ਤੇ ਸਿਰਲੱਥ ਦ੍ਰਿੜ੍ਹਤਾ ਆ ਗਈ ਸੀ ਕਿ ਉਹ ਬੰਦਾ ਬਹਾਦਰ ਨਾਲ ਹਰ ਯੁੱਧ ਵਿੱਚ ਇੰਝ ਜੂਝੇ ਜਿਵੇਂ ਕੋਈ *'ਸ਼ਹੀਦ'* ਧਰਮ ਦੇ ਆਦਰਸ਼ਾਂ ਨੂੰ ਸਥਾਪਿਤ ਕਰਨ ਵਾਸਤੇ ਤੇ ਦੁਸ਼ਟ-ਜ਼ਾਲਮਾਂ ਨੂੰ ਮਾਰ ਮੁਕਾਉਣ ਲਈ ਸੁਹਿਰਦ ਤੇ ਭਉ-ਮੁਕਤ ਹੋ ਕੇ ਜੂਝਦਾ ਹੈ। ਬਾਬਾ ਦੀਪ ਸਿੰਘ ਦਾ ਜੂਝਣ-ਢੰਗ ਸੱਚ-ਮੁੱਚ ਹੀ ਸ਼ਹੀਦਾਂ ਵਰਗਾ ਸੀ।

ਜਿਵੇਂ ਦਸਮ ਪਾਤਿਸ਼ਾਹ ਬਾਬਾ ਦੀਪ ਸਿੰਘ ਜੀ ਦੀ ਸੇਵਾ ਸੰਭਾਲ ਤੇ ਸਿੱਖੀ ਪ੍ਰਚਾਰ ਲਗਨ ਤੋਂ ਪ੍ਰਸੰਨ ਸਨ ਇਸੇ ਤਰ੍ਹਾਂ ਬੰਦਾ ਬਹਾਦਰ ਵੀ ਬਾਬਾ ਦੀਪ ਸਿੰਘ ਦੀ ਸਿਰਲੱਥ ਤੇ ਜੂਝਣ ਕ੍ਰਿਆ ਤੋਂ ਬੜੇ ਖੁਸ਼ ਸਨ। ਬੰਦਾ ਬਹਾਦਰ ਨੇ ਕਈ ਵਾਰ ਬਾਬਾ ਦੀਪ ਸਿੰਘ ਜੀ ਦੀ ਸਿਫਤ ਸਲਾਹ ਕੀਤੀ, ਪਰ ਗੁਰੂ-ਛੋਹ ਨਾਲ ਜਗੀ ਬਾਬਾ ਦੀਪ ਸਿੰਘ ਜੀ ਦੀ ਨਿੰਮ੍ਰਤਾ ਭਰੀ ਸ਼ਖਸੀਅਤ ਸਦਾ ਆਖਦੀ, ਕਿ :

"ਮੈਂ ਤਾਂ ਗੁਰੂ ਦਾ ਹਾਂ,
ਗੁਰੂ ਗੋਬਿੰਦ ਸਿੰਘ ਜੀ ਵਲੋਂ ਵਰੋਸਾਇਆ
ਹੋਇਆ ਹਾਂ, ਮੇਰਾ ਜਸ ਕਿਉਂ ?
ਆਉ । ਸਾਰੇ ਰਲ ਕੇ ਜਸ ਉਸ
ਧਰਮੀ-ਯੋਧੇ 'ਗੁਰੂ' ਦਾ ਗਾਈਏ,
ਜਿਸ ਨੇ ਸਾਨੂੰ ਜ਼ੁਲਮ ਵਿਰੁੱਧ
ਜੂਝਣ ਤੇ ਹੱਸ-ਹੱਸ ਕੇ
ਸ਼ਹੀਦ ਹੋਣ ਦੀ ਕ੍ਰਿਆ ਬਖਸ਼ੀ ਹੈ। "

ਰਵਾਇਤ ਹੈ ਕਿ *'ਪੰਥ'* ਨੇ ਬਾਬਾ ਦੀਪ ਸਿੰਘ ਜੀ ਦੀਆਂ ਜੂਝ-ਮਰਨ ਦੀਆਂ ਸੇਵਾਵਾਂ ਦਾ ਅਭਿਨੰਦਨ ਕਰਦਿਆਂ ਉਹਨਾਂ ਨੂੰ *'ਜ਼ਿੰਦਾ ਸ਼ਹੀਦ'* ਹੋਣ ਦਾ ਵਰਦਾਨ ਬਖਸ਼ਿਆ ਤੇ ਸਿੱਖ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਇਸ *'ਅਭਿਨੰਦਨ'* ਵਰਦਾਨ ਦੀ ਪ੍ਰੋੜ੍ਹਤਾ ਕੀਤੀ ਉਥੇ ਉਹਨਾਂ ਦੇ ਸਮੁੱਚੇ ਜੀਵਨ ਦੀ ਕ੍ਰਿਆ ਨੂੰ ਜ਼ਿੰਦਾ ਸ਼ਹੀਦ ਦੇ ਰੂਪ ਵਿੱਚ ਵੇਖ ਕੇ, ਹਮੇਸ਼ਾਂ ਉਹਨਾਂ ਦੀ ਸਿਮਰਤੀ ਵਿੱਚ ਆਪਣਾ ਸਿਰ ਵੀ ਝੁਕਾਇਆ ਹੈ।

(੩)

ਇੱਟ ਨਾਲ ਇੱਟ ਖੜਕਾ ਕੇ ਬੰਦਾ ਬਹਾਦਰ ਨੇ ਕੇਵਲ ਸਰਹੰਦ ਵਿੱਚ ਨਹੀਂ ਸਗੋਂ ਸਾਰੇ ਪੰਜਾਬ ਵਿੱਚ *'ਵਿੱਜਈ'* ਹੋਣ ਦਾ ਮਾਣ ਪੈਦਾ ਕਰ ਲਿਆ ਸੀ। ਕੁਝ ਗ੍ਰੰਥਕਾਰਾਂ ਦਾ ਕਹਿਣਾ ਹੈ ਕਿ ਇਸ ਵਿੱਜਈ-ਮਾਣ ਕਾਰਨ ਹੀ ਬੰਦਾ ਬਹਾਦਰ ਅੰਦਰ ਗੁਰੂ-ਇਸ਼ਟ ਹੋਣ ਦੀ ਭਾਵਨਾ ਜਾਗੀ ਸੀ। ਬੰਦਾ ਬਹਾਦਰ ਨੇ ਆਪਣੇ ਆਪ ਨੂੰ ਗੁਰੂ-ਇਸ਼ਟ ਅਖਵਾਇਆ ਕਿ ਨਹੀਂ, ਇਹ ਹਾਲਾਂ ਵੀ ਵਿਵਾਦ ਦਾ ਵਿਸ਼ਾ ਹੈ ਪਰ ਇਤਿਹਾਸ ਦਾ ਇਕ ਤੱਥ ਸਪੱਸ਼ਟ ਹੈ ਕਿ *'ਤੱਤ ਖਾਲਸਾ'* ਬੰਦਾ ਬਹਾਦਰ ਤੇ ਉਸ ਦੀ ਬੰਦਈ ਸੈਨਾ ਵਿਰੁੱਧ ਡੱਟ ਗਿਆ ਸੀ।



www.AKJ.Org

ਬਾਬਾ ਦੀਪ ਸਿੰਘ ਜੀ ਤੱਤ ਖਾਲਸੇ ਦੇ ਆਗੂ ਸਨ।

੧੭੧੫ ਈ: ਵਿੱਚ ਜਦੋਂ ਬੰਦਈ ਤੇ ਤੱਤ ਖਾਲਸੇ ਵਿੱਚ ਦਵੈਤ ਤੇ ਝਗੜਾ ਵਧਿਆ ਤੇ ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਵਿੱਚ ਪਰਚੀਆਂ ਪਾ ਕੇ ਇਸ ਸਿਧਾਂਤਕ ਝਗੜੇ ਦਾ ਨਿਰਣਾ ਲਿਆ ਗਿਆ ਤਾਂ ਉਸ ਵੇਲੇ ਨਿਰਣਾ ਤੱਤ ਖਾਲਸੇ ਦੇ ਹੱਕ ਵਿੱਚ ਹੋਇਆ ਸੀ ਤੇ ਬੰਦਈ ਆਪਣੀ ਹਾਰ ਕਾਰਨ ਸਹਿਜੇ ਹੀ ਪਿਛਾਂਹ ਹਟ ਗਏ ਸਨ। ਤੱਤ ਖਾਲਸਈ ਹੋਣ ਕਾਰਨ ਹੀ ਬਾਬਾ ਦੀਪ ਸਿੰਘ ਜੀ ਨੇ ਬੰਦਾ ਬਹਾਦਰ ਦਾ ਸਾਥ ਛੱਡ ਕੇ ਇਕ ਵਾਰੀ ਫਿਰ ਦਮਦਮਾ ਸਾਹਿਬ ਦੀ ਤੇ ਸਿੱਖੀ ਪ੍ਰਚਾਰ ਦੀ ਸੇਵਾ-ਸੰਭਾਲ ਲਈ ਸੀ।

ਬਾਬਾ ਦੀਪ ਸਿੰਘ ਜੀ ਨੂੰ *'ਬਾਣੀ'* ਦਾ ਪਾਠ ਕਰਵਾਉਣ ਦਾ ਬੜਾ ਚਾਅ ਸੀ, ਬਾਣੀ-ਪਾਠ ਦੀ ਪ੍ਰੰਪਰਾ ਹੋਰ ਵਧੇ-ਫੁੱਲੇ, ਇਸ ਭਾਵਨਾ ਅਧੀਨ ਹੀ ਬਾਬਾ ਦੀਪ ਸਿੰਘ ਨੇ ੧੭੧੫ ਤੋਂ ੧੭੨੬ ਈ: ਤਕ ਲਗਪਗ ੧੧ ਸਾਲ ਦਮਦਮੀ ਬੀੜ ਦੇ ਹੱਥ ਲਿਖਤ ਸਰੂਪ ਤਿਆਰ ਕਰਨ ਉਤੇ ਖਰਚ ਦਿੱਤੇ। ਪੰਥ ਦੇ ਇਤਿਹਾਸਕ ਤੇ ਚਾਰ ਤਖਤਾਂ ਉਤੇ ਜਿਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਪਹਿਲੀ ਵਾਰੀ ਪ੍ਰਕਾਸ਼ ਹੋਏ। ਇਹ ਸਰੂਪ ਉਹੀ ਸਨ ਜਿਨ੍ਹਾਂ ਨੂੰ ਬਾਬਾ ਦੀਪ ਸਿੰਘ ਜੀ ਨੇ ਆਪਣੇ ਹਸਤ-ਕਮਲਾਂ ਨਾਲ ਲਿਖਿਆ ਸੀ।

੧੭੨੬ ਈ: ਤੋਂ ੧੭੬੦ ਈ: ਤਕ ਲਗਭਗ ੩੪ ਸਾਲ, ਬਾਬਾ ਦੀਪ ਸਿੰਘ ਜੀ ਨੇ ਆਪਣੇ ਆਪ ਨੂੰ ਤੇ ਆਪਣੇ ਕਾਰਜ ਖੇਤਰ ਨੂੰ *'ਦਮਦਮਾ ਸਾਹਿਬ'* ਨਾਲ ਜੋੜੀ ਰੱਖਿਆ। ਇਨ੍ਹਾਂ ੩੪ ਸਾਲਾਂ ਵਿੱਚ ਬਾਬਾ ਦੀਪ ਸਿੰਘ ਜੀ ਨੇ ਦਮਦਮਾ ਸਾਹਿਬ ਨੂੰ ਅਜਿਹਾ ਰੂਪ ਪ੍ਰਦਾਨ ਕਰ ਦਿੱਤਾ ਕਿ ਇਹ *'ਗੁਰੂ ਸਥਾਨ'* ਗੁਰਮਤਿ ਤੇ ਸਿੱਖੀ ਦੀ ਸੱਚੀ ਟਕਸਾਲ ਬਣ ਗਿਆ। ਹਰ ਸਿੱਖ ਨੂੰ ਬਾਣੀ-ਬੋਧ ਕਰਵਾ ਕੇ, ਗੁਰੂ ਦਾ ਅੰਮ੍ਰਿਤ ਛਕਾ ਕੇ ਤੇ ਖਾਲਸਈ ਫੌਜ ਦਾ ਸਿੰਘ ਸੂਰਮਾ ਸਜਾ ਕੇ ਇਸ ਤਰ੍ਹਾਂ ਸਿਰਜਿਆ ਜਿਵੇਂ ਕਿ ਉਸਦਾ ਬੰਦ-ਬੰਦ *'ਧਰਮ ਯੁੱਧ ਦੇ ਚਾਅ'* ਵਿੱਚ ਕੇਵਲ ਆਪਾ ਹੀ ਨਹੀਂ ਸਗੋਂ ਸੀਸ ਵੀ ਦੇਣ ਲਈ ਤਿਆਰ ਹੋ ਗਿਆ। ਇਹੀ ਸਮਾਂ ਹੈ, ਕਿ ਜ਼ਿੰਦਾ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਪੰਥ ਦੀ ਚੜ੍ਹਦੀ ਕਲਾ ਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਇਕ ਅਜਿਹਾ *'ਜਥਾ'* ਤਿਆਰ ਕੀਤਾ ਜਿਸ ਦੀ ਸਮੁਚੇ ਜੀਵਨ-ਕ੍ਰਿਆ ਤੇ ਕਾਰਜ-ਖੇਤਰ ਨੂੰ ਵੇਖ ਕੇ ਹਰ ਕਿਸੇ ਨੇ ਕਹਿਣਾ ਅਰੰਭ ਦਿੱਤਾ ਕਿ ਇਹ ਜਥਾ ਨਹੀਂ ਇਹ ਤਾਂ ਪੰਥ ਦੀ *'ਸ਼ਹੀਦੀ ਮਿਸਲ'* ਹੈ। ਮਹਾਰਾਜਾ ਰਣਜੀਤ ਸਿੰਘ ਜੀ ਦੀ ਰਾਜ-ਸਥਾਪਤੀ ਵਿੱਚ ਜਿਨ੍ਹਾਂ ੧੨ ਮਿਸਲਾਂ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਸੀ ਉਨ੍ਹਾਂ ਬਾਰਾਂ ਮਿਸਲਾਂ ਵਿੱਚੋਂ ਇਕ ਇਹ ਸ਼ਹੀਦੀ ਮਿਸਲ ਵੀ ਸੀ, ਜਿਸ ਦੀ ਸੁਜੋਗ ਤੇ ਮਰਦਾਨਗੀ ਢੰਗ ਨਾਲ ਅਗਵਾਈ ਪਹਿਲਾਂ ਬਾਬਾ ਦੀਪ ਸਿੰਘ ਨੇ ਕੀਤੀ ਸੀ ਤੇ ਪਿਛੋਂ ਉਹਨਾਂ ਦੇ ਸਿੱਖ ਸਹਿਯੋਗੀ ਭਾਈ ਨੱਥਾ ਸਿੰਘ ਜੀ ਸ਼ਹੀਦ ਮਿਸਲ ਦੀ ਸਰਦਾਰੀ ਕਰਦੇ ਰਹੇ।

(੪)

ਬਾਬਾ ਦੀਪ ਸਿੰਘ ਤੇ ਉਹਨਾਂ ਦੀ ਸ਼ਹੀਦੀ ਮਿਸਲ ਦਾ ਮੁੱਖ ਵਿਆਪਕ ਆਦਰਸ਼ ਇਹ ਵੀ ਸੀ ਕਿ ਸਿੱਖੀ ਦੇ ਸੋਮੇ ਤੇ ਪੰਥ ਦੇ ਇਤਿਹਾਸਕ ਕੇਂਦਰ ਸਦਾ ਸਵੱਛ ਅਤੇ ਕੌਮ ਦੀ ਸ਼ਕਤੀ ਲਈ ਬੁਲੰਦ ਰਹਿਣ। ਬਾਬਾ ਦੀਪ ਸਿੰਘ ਜੀ ਨੂੰ ਪੂਰਾ ਅਨੁਭਵ ਸੀ ਕਿ ਇਹ ਮੁਗਲ, ਇਹ ਅਫਗਾਨ, ਇਹ ਅਬਦਾਲੀ, ਵਿਦੇਸ਼ੀ ਜਰਵਾਣੇ ਗੁਰੂ-ਹਸਤੀ ਤੇ ਸਿੱਖ ਸ਼ਕਤੀ ਦੇ ਸੋਮੇ, ਖਾਸ ਕਰ ਕੇ ਸ੍ਰੀ ਦਰਬਾਰ ਸਾਹਿਬ ਨੂੰ ਮਿਟਾਣ ਲਈ ਨਿਰੰਤਰ ਕੋਝੇ ਯਤਨ ਕਰ ਰਹੇ ਹਨ। ਭਾਈ ਮਨੀ ਸਿੰਘ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੇ ਬੰਦ-ਬੰਦ ਇਸ ਲਈ ਕੱਟੇ ਗਏ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਡਰ ਜਾਣ ਤੇ ਹਕੂਮਤ ਨਾਲ ਲੋਹਾ ਨਾ ਲੈਣ। ਬੰਦਾ ਬਹਾਦਰ ਤੇ ਉਸਦੇ ਸਾਥੀਆਂ ਨੂੰ ਜਿਵੇਂ ਬੇ-ਇਜ਼ਤ ਰੂਪ ਵਿੱਚ ਸ਼ਹੀਦ ਕੀਤਾ ਗਿਆ, ਜਿਵੇਂ ਸਿੰਘਾਂ ਦੇ ਸਿਰਾਂ ਦੇ ਮੁਲ ਪਾ ਕੇ ਉਹਨਾਂ ਨੂੰ ਡਰਾਇਆ ਤੇ ਮੁਕਾਇਆ ਗਿਆ, ਖਾਸ ਕਰ ਕੇ ੧੭੪੦ ਵਿੱਚ ਮੱਸਾ ਰੰਘੜ ਨੇ ਹਾਕਮੀ ਨਸ਼ੇ ਵਿੱਚ ਸ੍ਰੀ ਦਰਬਾਰ ਸਾਹਿਬ ਅੰਦਰ ਕੰਜਰੀਆਂ ਦੇ ਨਾਚ ਕਰਵਾ ਕੇ ਜਿਵੇਂ ਸਿੱਖ-ਸ਼ਕਤੀ ਦੇ ਸੋਮਿਆਂ ਨੂੰ ਭ੍ਰਿਸ਼ਟ ਕੀਤਾ, ਇਹ ਸਾਰੀ ਦੁਖਾਂਤਕ ਹੋਣੀ ਦੀ ਤਸਵੀਰ ਬਾਬਾ ਦੀਪ ਸਿੰਘ ਜੀ ਦੇ ਸਨਮੁਖ ਸੀ।

ਆਪਣੇ ਧਰਮੀ ਜਜ਼ਬੇ ਅਧੀਨ ਭਾਵੇਂ ਕਦੀ ਭਾਈ ਮਨੀ ਸਿੰਘ ਨੇ ਬੰਦ-ਬੰਦ ਕਟਵਾ ਕੇ, ਕਦੀ ਭਾਈ ਤਾਰੂ ਸਿੰਘ ਨੇ ਖੋਪਰੀ ਲੁਹਾ ਕੇ, ਕਦੀ ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਨੇ ਚਰਖੀਆਂ ਉਤੇ ਜੜ੍ਹ ਕੇ ਤੇ ਕਦੀ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਜਾਨਾਂ ਵਾਰ ਕੇ ਜਿਥੇ ਸ਼ਹੀਦੀ ਜਜ਼ਬੇ ਦੀ ਸ਼ਾਨ ਤੇ ਸਾਰਥਿਕਤਾ ਨੂੰ ਕਾਇਮ ਰੱਖਿਆ ਉਥੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਵੀ ਹਰ ਹੀਲੇ ਬਹਾਲ ਰੱਖਿਆ। ਮੱਸਾ ਰੰਘੜ ਨੂੰ ਮੁਕਾ ਕੇ ਖਾਲਸਾ ਕੌਮ ਨੇ ਜਿਸ ਦਲੇਰੀ ਤੇ ਹਿੰਮਤ ਨਾਲ ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਦੀ ਸੇਵਾ ਸੰਭਾਲ ਆਪਣੇ ਅਧਿਕਾਰ ਵਿੱਚ ਲਈ, ਅਹਿਮਦਸ਼ਾਹ ਅਬਦਾਲੀ (੧੭੪੮ ਈ:) ਉਸ ਵੇਲੇ ਦਾ ਜ਼ਾਲਮ ਹਾਕਮ, ਉਸ ਤੋਂ ਬੜਾ ਔਖਾ ਸੀ। ਉਸ ਦੀ ਸਾਰੀ ਸੋਚ ਤੇ ਸ਼ਕਤੀ ਦਾ



www.AKJ.Org

ਹਰ ਕਰਮ ਸ੍ਰੀ ਦਰਬਾਰ ਸਾਹਿਬ ਦੀ ਹਸਤੀ ਨੂੰ ਮਿਟਾਉਣ ਵਾਸਤੇ ਸੀ, ਕਿਉਂਕਿ ਉਸ ਦਾ ਦ੍ਰਿੜ ਵਿਸ਼ਵਾਸ ਬਣ ਚੁੱਕਾ ਸੀ ਕਿ ਸ੍ਰੀ ਦਰਬਾਰ ਸਾਹਿਬ ਦੀ ਹਸਤੀ ਨੂੰ ਮਿਟਾਏ ਬਿਨਾਂ ਸਿੱਖ ਸ਼ਕਤੀ ਨੂੰ ਮੁਕਾਇਆ ਨਹੀਂ ਜਾ ਸਕਦਾ।

ਅਖੀਰ ੧੭੬੨ ਈ: ਵਿੱਚ ਅਹਿਮਦਸ਼ਾਹ ਅਬਦਾਲੀ ਨੇ ਅੰਮ੍ਰਿਤ ਦੇ ਸੋਮੇ *'ਅੰਮ੍ਰਿਤਸਰ'* ਨੂੰ ਆਪਣੇ ਜ਼ੁਲਮ ਤੇ ਤਸ਼ਦੱਦ ਦਾ ਸ਼ਿਕਾਰ ਬਣਾਇਆ। ਤੋਪਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਨੂੰ ਉਡਾ ਦਿੱਤਾ,ਬੁੰਗੇ ਜਿਥੇ ਫੌਜਾਂ ਆ ਕੇ ਟਿਕਦੀਆਂ ਸਨ) ਢਾਹ ਦਿੱਤੇ ਗਏ, ਅੰਮ੍ਰਿਤ ਸਰੋਵਰ ਨੂੰ ਗਊਆਂ ਦੀਆਂ ਲਾਸ਼ਾਂ ਤੇ ਗੰਦ-ਮੰਦ ਨਾਲ ਭਰ ਦਿੱਤਾ ਗਿਆ। ਬਾਬਾ ਦੀਪ ਸਿੰਘ ਜੀ ਹਾਲਾਂ ਦਮਦਮਾ ਸਾਹਿਬ ਹੀ ਸਨ। ਅਹਿਮਦਸ਼ਾਹ ਅਬਦਾਲੀ ਤੇ ਉਸ ਦੇ ਸੈਨਿਕਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਜੋ ਬੇਅਦਬੀ ਕੀਤੀ, ਉਸ ਦੀ ਸਾਰੀ ਵਿਥਿਆ ਬਾਬਾ ਦੀਪ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਸੁਣ ਲਈ। ਇਹ ਵੀ ਪਤਾ ਲਗ ਗਿਆ ਕਿ ਸ੍ਰੀ ਦਰਬਾਰ ਸਾਹਿਬ ਜਾਣ ਵਾਲੇ ਸਾਰੇ ਰਸਤਿਆਂ ਨੂੰ ਅਬਦਾਲੀ ਦੀਆਂ ਫੌਜਾਂ ਨੇ ਰੋਕਿਆ ਹੋਇਆ ਹੈ, ਪਹਿਰੇ ਤੇ ਗਸ਼ਤ ਇੰਨੀ ਸਖ਼ਤ ਹੈ ਕਿ ਕੋਈ ਵੀ *'ਸਿੰਘ'* ਸ਼ਹੀਦੀ ਸਹੇੜੇ ਬਿਨਾਂ ਅੰਮ੍ਰਿਤਸਰ ਪਹੁੰਚ ਨਹੀਂ ਸਕਦਾ। ਅਜਿਹੇ ਗੰਭੀਰ ਤੇ ਸੰਕਟ ਭਰੇ ਹਾਲਾਤਾਂ ਨੂੰ ਵਾਚ ਕੇ ਬਾਬਾ ਦੀਪ ਸਿੰਘ ਨੇ ਫੈਸਲਾ ਕਰ ਲਿਆ ਕਿ *'ਜਾਨ'* ਜਾਏ ਤੇ ਜਾਏ ਸ੍ਰੀ ਦਰਬਾਰ ਸਾਹਿਬ ਦੀ ਹਸਤੀ ਤੇ ਪਵਿੱਤਰਤਾ ਨੂੰ ਹਰ ਜੁਗਤ ਨਾਲ ਬਹਾਲ ਕਰਨਾ ਹੈ। ਬਾਬਾ ਦੀਪ ਸਿੰਘ ਜੀ ਨੇ ਦਮਦਮਾ ਸਾਹਿਬ ਤੇ ਸ਼ਹੀਦ ਮਿਸਲ ਦੀਆਂ ਜ਼ਿੰਮੇਵਾਰੀਆਂ ਸੌਂਪ ਕੇ, ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਸਥਾਪਤੀ ਲਈ ਤਿਆਰੀ ਅਰੰਭ ਦਿੱਤੀ। ਆਲੇ ਦੁਆਲੇ ਦੇ ਪਿੰਡਾਂ ਵਿਚੋਂ ਪਹਿਲਾਂ ਧਰਮ ਯੋਧਿਆਂ ਨੂੰ ਨਾਲ ਲਿਆ ਤੇ ਫਿਰ ਸ਼ਹੀਦੀ ਜਥਾ ਬਣਾ ਕੇ *'ਸਤਿ ਸ੍ਰੀ ਅਕਾਲ'* ਦੇ ਜੈਕਾਰੇ ਗੂੰਜਾਂਦੇ, ਹਰੀ ਕੇ ਪੱਤਨ ਰਾਹੀਂ ਤਰਨ ਤਾਰਨ ਪਹੁੰਚ ਗਏ। ਜਿਸ-ਜਿਸ ਨੇ ਵੀ ਬਾਬਾ ਦੀਪ ਸਿੰਘ ਜੀ ਦੇ ਘੋੜੇ ਦੀਆਂ ਟਾਪਾਂ ਦੀ ਆਵਾਜ਼ ਤੇ ਅੰਮ੍ਰਿਤਸਰ ਜਾਣ ਦਾ ਉਦੇਸ਼ ਸੁਣਿਆ, ਉਹ ਪੰਥਕ ਜਜ਼ਬੇ ਅਧੀਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਜੱਥੇ ਨਾਲ ਆ ਰਲਿਆ। ਇਕ ਸਰੋਤ ਅਨੁਸਾਰ ਤਰਨ ਤਾਰਨ ਪਹੁੰਚਦਿਆਂ, ਬਾਬਾ ਦੀਪ ਸਿੰਘ ਜੀ ਦੇ ਜਥੇ ਵਿੱਚ ਲਗ-ਭਗ ਪੰਜ ਹਜ਼ਾਰ ਸਿੰਘ ਯੋਧੇ ਸ਼ਾਮਲ ਹੋ ਗਏ ਸਨ। ਤਰਨ ਤਾਰਨ ਤੋਂ ਚੂੰਕਿ ਸਿੱਧਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚਣਾ ਸੀ, ਇਸ ਲਈ ਬਾਬਾ ਦੀਪ ਸਿੰਘ ਜੀ ਨੇ ਆਪਣੇ ਖੰਡੇ ਦੀ ਤੇਜ਼ ਧਾਰ ਨਾਲ ਇਕ ਲਕੀਰ ਪਾ ਕੇ ਜਥੇ ਦੇ ਸਾਰੇ ਸਿੰਘਾਂ ਨੂੰ ਵੰਗਾਰਿਆ ਤੇ ਆਖਿਆ ਕਿ ਅਬਦਾਲੀ ਦੀਆਂ ਫੌਜਾਂ ਪੂਰੀ ਤਿਆਰੀ ਵਿੱਚ ਹਨ, ਇਹ ਲਕੀਰ ਉਹੀ ਟੱਪੇ ਜਿਸ ਨੇ ਸੀਸ ਤਲੀ ਉਤੇ ਰੱਖ ਕੇ ਸ਼ਹੀਦੀ ਪ੍ਰਾਪਤ ਕਰਨ ਲਈ ਪ੍ਰਣ ਕਰ ਲਿਆ ਹੈ।

ਬਾਬਾ ਦੀਪ ਸਿੰਘ ਜੀ ਹਾਲਾਂ ਆਪਣੀ ਗੱਲ ਕਹਿ ਹੀ ਰਹੇ ਸਨ ਕਿ ਸਿੰਘ ਸੂਰਮਿਆਂ ਨੇ ਲਕੀਰ ਟੱਪ ਲਈ ਤੇ ਬਾਬਾ ਜੀ ਨਾਲ ਹੋ ਤੁਰੇ। ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਜਥੇ ਦਾ ਪਹਿਲਾ ਤੇ ਅਖੀਰਲਾ ਯੁੱਧ ਅਬਦਾਲੀ ਦੀਆਂ ਫੌਜ ਨਾਲ *'ਪਿੰਡ ਚੱਬੇ'* ਸੰਗਰਾਣਾ ਦੇ ਲਾਗੇ ਹੋਇਆ। ਬਾਬਾ ਦੀਪ ਸਿੰਘ ਜੀ ਤੇ ਧਰਮੀ ਯੋਧਿਆਂ ਨੇ ਜਿਸ ਜੁਗਤ, ਜਜ਼ਬੇ ਤੇ ਜ਼ਿੰਮੇਵਾਰੀ ਨਾਲ ਤੇਗਾਂ ਮਾਰੀਆਂ ਉਸ ਨਾਲ ਵਿਰੋਧੀ ਫੌਜਾਂ ਦਾ ਨੁਕਸਾਨ ਤਾਂ ਬੜਾ ਹੋਇਆ ਪਰ ਬਾਬਾ ਦੀਪ ਸਿੰਘ ਦੇ ਸੀਸ ਉਤੇ ਡੂੰਘਾ ਫੱਟ ਪੈ ਗਿਆ। ਬਾਬਾ ਦੀਪ ਸਿੰਘ ਨੇ ਤਲੀ ਉਤੇ ਸੀਸ ਨੂੰ ਟਿਕਾ ਕੇ ਅੰਮ੍ਰਿਤਸਰ ਵੱਲ ਤ੍ਰਾਂਘਣਾ ਜਾਰੀ ਰੱਖਿਆ। ਸ਼ਹੀਦੀ ਜੱਥੇ ਦੇ ਯੋਧੇ ਬੜੀ ਤੇਜ਼ੀ ਨਾਲ ਅੰਮ੍ਰਿਤਸਰ ਵੱਲ ਵੱਧ ਰਹੇ ਸਨ।

ਬਾਬਾ ਦੀਪ ਸਿੰਘ ਜੀ ਵੀ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਤੱਕ ਪਹੁੰਚਣ ਵਿੱਚ ਸਫਲ ਹੋ ਗਏ। ਜਿਸ ਬਹਾਦਰੀ ਤੇ ਬੀਰਤਾ ਨਾਲ ਖਾਲਸਈ ਫੌਜਾਂ ਲੜੀਆਂ, ਉਸ ਦਾ ਵੱਡਾ ਫਲ ਇਹ ਹੋਇਆ ਕਿ ਸ੍ਰੀ ਦਰਬਾਰ ਸਾਹਿਬ ਅਬਦਾਲੀ ਫੌਜਾਂ ਦੇ ਅਧਿਕਾਰ ਵਿਚੋਂ ਮੁਕਤ ਹੋ ਗਿਆ। ਬਾਬਾ ਦੀਪ ਸਿੰਘ ਨੇ ਪ੍ਰਕਰਮਾਂ ਵਿੱਚ ਪਹੁੰਚਦਿਆਂ ਹੀ ਆਪਣੇ ਗੁਰੂ-ਸਨਮੁਖ ਕੀਤੇ ਪ੍ਰਣ ਨੂੰ ਨਿਭਾ ਕੇ ਆਪਣੇ ਸੁਆਸਾਂ ਨੂੰ ਸਮਾਪਤ ਕਰ ਲਿਆ ਅਤੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ (ਗੁਰੂ ਰਾਮਦਾਸ ਜੀ ਦੀ ਹਜ਼ੂਰੀ) ਵਿੱਚ, ਨਿਰੰਤਰ *'ਅਮਰ ਸ਼ਹੀਦ'* ਹੋਣ ਦਾ ਮਾਣ ਵੀ ਪ੍ਰਾਪਤ ਕਰ ਲਿਆ।

ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਜਿਥੇ ਬਾਬਾ ਦੀਪ ਸਿੰਘ ਜੀ ਦਾ ਸੀਸ ਡਿਗਿਆ, ਉਥੇ *'ਸ਼ਹੀਦ ਬੁੰਗਾ'* ਬਣਿਆ ਹੋਇਆ ਹੈ ਅਤੇ ਜਿਸ ਸੁਹਾਵੀ ਧਰਤੀ ਉਤੇ ਬਾਬਾ ਦੀਪ ਸਿੰਘ ਜੀ ਤੇ ਉਹਨਾਂ ਦੇ ਸਾਥੀ ਧਰਮੀ ਯੋਧਿਆਂ ਦੇ ਪਵਿੱਤਰ ਸਰੀਰਾਂ ਦਾ ਅੰਤਿਮ ਸਸਕਾਰ ਹੋਇਆ ਉਥੇ ਹੁਣ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਸ਼ਾਨਦਾਰ *'ਗੁਰਦੁਆਰਾ ਸ਼ਹੀਦਾਂ'* ਬਣਿਆ ਹੋਇਆ ਹੈ। ਇਹ ਦੋਵੇਂ ਇਤਿਹਾਸਕ ਸਥਾਨ ਜਿਥੇ ਬਾਬਾ ਦੀਪ ਸਿੰਘ ਜੀ ਦੀ ਸ਼ਹੀਦ ਕਿਰਿਆ ਦਾ ਸਿਮਰਤੀ ਬਿੰਬ ਹਨ, ਉਥੇ ਗੁਰਦੁਆਰਿਆਂ ਦੀ ਪਵਿੱਤਰਤਾ ਤੇ ਆਜ਼ਾਦੀ ਦੀ ਬਹਾਲੀ ਲਈ ਇਹ ਪ੍ਰੇਰਨਾ-ਸਰੋਤ ਵੀ ਹਨ।



www.AKJ.Org

# ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ

= ਭਾਈ ਸੁਖਦੇਵ ਸਿੰਘ, ਜਾਣੀਆਂ (ਅੰਮ੍ਰਿਤਸਰ)

**ਧੀਆਂ ਤੋਂ ਨਫ਼ਰਤ :**

ਪਹਿਲਾਂ ਰਿਜ਼ਕ ਤੇ ਪਿਛੋਂ ਜੀਵ ਭੇਜਦਾ,
ਇਹ ਹੈ ਅਸੂਲ ਰੱਬ ਦਾ।
ਅਸੀਂ ਰੱਬ ਦੇ ਅਸੂਲ ਤਾਂਈਂ ਮੰਨੀਏ,
ਬਣਦਾ ਫਰਜ਼ ਸਭ ਦਾ।
ਕੁੜੀ ਹੋਵੇ ਤਾਂ *'ਉਪਾਅ ਕੋਈ'* ਕਰਨਾ,
*'ਅਲਟਰਾ ਸਾਊਂਡ'* ਕਹਿ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ ਪਾਸੇ ਰਹਿ ਗਿਆ।

**ਦਾਜ ਕੁਰੀਤੀ :**

ਗਰੀਬ ਮਾਪਿਆਂ ਲਈ ਧੀਆਂ ਬੋਝ ਬਣੀਆਂ,
ਵਿਆਹ ਨਹੀਂ ਹੁੰਦੇ ਦਾਜ ਤੋਂ ਬਿਨਾਂ।
ਕੁਰੀਤੀ ਛੂਤ ਦੀ ਬੀਮਾਰੀ ਵਾਂਗੂੰ ਫੈਲੀ ਇਹ,
ਜਿਉਣਾ ਔਖਾ ਦਾਜ ਤੋਂ ਬਿਨਾਂ।
ਕੋਈ ਰੱਜਦਾ ਨਹੀਂ ਬਿਨਾਂ ਸੰਤੋਖ ਤੋਂ,
ਲਾਲਚ ਹੱਡਾਂ 'ਚ ਬਹਿ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ..............................।

**ਪੰਜਾਬੀ ਤੋਂ ਨਫ਼ਰਤ :**

ਹੋਰ ਬੋਲੀਆਂ ਭਾਵੇਂ ਪੰਜਾਹ ਸਿੱਖੀਏ,
ਪੰਜਾਬੀ ਨੂੰ ਕਦੇ ਨਾ ਭੁੱਲੀਏ।
ਬਿਨਾਂ ਪੰਜਾਬੀ ਤੋਂ ਬਾਣੀ ਨਹੀਂ ਪੜ੍ਹ ਸਕਦੇ,
ਐਵੇਂ ਨਾ ਫੋਕੇ ਹੀ ਫੁੱਲੀਏ।
ਮਾਤਾ ਆਖਦੀ ਪੁੱਤਰ ਬਾਣੀ ਪੜ੍ਹ ਲੈ,
'ਡੌਂਟ ਲਾਈਕ' ਪੁੱਤਰ ਕਹਿ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ...................................

**ਮਿਰਤਕ ਮੋਹ :**

ਦੇਣਾ ਬਿਸਤਰਾ ਤੇ ਸੂਟ ਮਰੇ ਵਾਸਤੇ,
ਮੋਹ ਹੀ ਅਥਾਹ ਹੋ ਗਿਆ।
ਖਾਣਾ, ਪੀਣਾ ਅਤੇ ਪਹਿਨਣਾ ਸਰੀਰ ਲਈ,
ਸਰੀਰ ਤਾਂ ਸੁਆਹ ਹੋ ਗਿਆ।
ਫਿਰ ਦੱਸੋ, ਜੋੜਾ, ਜਾਮਾ ਕਿਸਦੇ ਵਾਸਤੇ ?
ਸਿਵਿਆਂ 'ਚ ਬੁੱਤ ਰਹਿ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ..................................।

**ਪੁੱਠਾ ਰਾਹ :**

"ਸਤਿਗੁਰ ਬਚਨ, ਬਚਨ ਹੈ ਸਤਿਗੁਰ.....।।"
ਫੋਟੋਆਂ ਬਣਾਉਣ ਵਾਲਿਓ।
"ਬਾਣੀ ਗੁਰੂ, ਗੁਰੂ ਹੈ ਬਾਣੀ .....।।"
ਪੁੱਠੇ ਰਾਹੇ ਪਾਉਣ ਵਾਲਿਓ।
ਮੁਹੰਮਦ ਸਾਹਿਬ ਦੀ ਫੋਟੋ ਨਹੀਂ ਕਿਤਿਓਂ ਮਿਲਦੀ,
ਵਿਅੰਗ ਨਾਲ ਕੋਈ ਕਹਿ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ..................................।

**ਸੰਗਤ ਨਾਲ ਧੋਖਾ:**

ਸੱਚ-ਕੱਚ ਦਾ ਫ਼ਰਕ ਨਹੀਂ ਤੁਸੀਂ ਜਾਣਦੇ,
ਧਾਰਨਾ ਲਗਾਉਣ ਵਾਲਿਓ।
ਆਪਣੇ 'ਚੇਲਿਆਂ' ਦੇ ਰਾਹੀਂ ਭੋਲੀ ਸੰਗਤ ਨੂੰ,
ਆਪਣੇ ਪਿੱਛੇ ਲਾਉਣ ਵਾਲਿਓ।
ਮਾਇਆ ਇੱਕਠੀ ਕੀਤੀ ਗੁਰੂ ਘਰ ਦੇ ਨਾਂ ਤੇ,
ਡੇਰਾ ਆਪਣਾ ਬਣਾ ਲਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ...................................।

**ਇੱਕ ਸਮੇਂ ਦੋ ਗੱਲਾਂ :**

ਇੱਕ ਸਮੇਂ ਇਕੋ ਗੱਲ ਕੰਨ ਸੁਣਦੇ,
ਬਹੁਤੀਆਂ ਨੂੰ ਰੌਲਾ ਜਾਣਦੇ।
ਇੱਕੋਂ ਸਮੇਂ ਅਖੰਡ ਪਾਠ ਨਾਲ 'ਜਪੁ ਜੀ',
ਅਸੀਂ ਨਹੀਂ ਰੀਤ ਨੂੰ ਪਛਾਣਦੇ।
ਕੋਈ ਅਖੰਡ ਪਾਠ ਪਿਛੋਂ ਪੜ੍ਹੇ 'ਜਪੁ ਜੀ',
ਜਿਵੇਂ ਕਿ ਅਧੂਰਾ ਰਹਿ ਗਿਆ।
ਅਸੀਂ ਕੁਰਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ..................................।

**ਵਿਅਰਥ ਸਮੱਗਰੀ :**

ਅਖੰਡ ਪਾਠ ਇੱਕ ਥਾਂ ਤੇ ਇਕੋ ਸ਼ੋਭਦਾ,
ਸਿੱਖੀ ਰੀਤ ਪੱਲੇ ਰੱਖੀਏ।
ਜੋਤ, ਨਾਰੀਅਲ, ਮੌਲੀ ਨਾਂ ਲਾਲ ਕੱਪੜਾ,
ਨਾ ਦਾਣੇ ਕੁੰਭ ਥੱਲੇ ਰੱਖੀਏ।
ਧੂਪਾਂ ਏਨੀਆਂ ਧੂੰਏ ਨਾਲ ਖੰਘ ਲੱਗਦੀ,
ਪਾਠੀ ਜੀ ਦਾ ਗਲਾ ਬਹਿ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ.................................।


www.AKJ.Org

**ਫੈਸ਼ਨ ਪ੍ਰਸਤੀ :**

ਅੱਜ ਬੀਬੀਆਂ ਬਣਾਉਣ ਗੁੱਤਾਂ ਮੀਢੀਆਂ,
ਜਲੇਬੀ ਜੂੜੇ ਕਰਨ ਡਹਿ ਪਈਆਂ।
ਛੱਡ ਬੈਠੀਆਂ ਨੇ ਸਿੱਖੀ ਦੇ ਸਰੂਪ ਨੂੰ,
ਕੁਰੀਤੀਆਂ ਦੇ ਵਹਿਣੀ ਵਹਿ ਗਈਆਂ।
ਜਾਪੇ ਕੇਸਕੀ ਵੀ ਲੱਗਦੀ ਹੈ ਭਾਰੀ,
ਸਿਰ ਤੇ ਨਹੀਂ ਜੂੜਾ ਰਹਿ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ.................................।

**ਡੋਰੀ ਵਾਲੀ ਕਿਰਪਾਨ:**

ਕੋਕਾ, ਕਾਂਟੇ, ਵਾਲੀਆਂ ਤੇ ਛਾਪਾਂ-ਛੱਲੇ,
ਚੂੜੀਆਂ ਬਾਹਾਂ 'ਚ ਪੈ ਗਈਆ।
ਫੈਸ਼ਨ ਪ੍ਰਸਤੀ ਦਾ ਹੋਇਆ ਬੋਲ-ਬਾਲਾ,
ਸਾਦਗੀ ਗਵਾ ਬਹਿ ਗਈਆਂ।
ਡੋਰੀ ਵਾਲੀ ਇੱਕ ਚੱਲੀ ਕਿਰਪਾਨ ਕੀ,
ਮੂਲੋਂ ਹੀ ਜਾਣੀ ਭੱਠਾ ਬਹਿ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ.................................।

**ਝਟਕੇ ਦਾ ਝੱਸ :**

ਰੋਟੀ-ਬੇਟੀ ਦੀ ਸਾਂਝ ਗੁਰ ਸਿੱਖ ਨੇ ਸੀ,
ਗੁਰਸਿੱਖ ਨਾਲ ਕਰਨੀ।
ਅਸੀਂ ਮੋਹ ਵਿੱਚ ਫਸ ਕੇ ਇਹ ਭੁੱਲ ਗਏ,
ਕਿ ਜੈਸੀ ਕਰਨੀ ਤੈਸੀ ਭਰਨੀ।
ਅਸੀਂ ਕਰਨੀ ਸੀ ਦਇਆ ਮਜ਼ਲੂਮ ਤੇ,
ਝਟਕੇ ਦਾ ਝੱਸ ਪੈ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ.................................।

**ਡੇਰਿਆਂ ਦਾ ਭੁੱਸ :**

ਜਿੱਥੇ ਬਾਣਾ ਹੈ ਜ਼ਰੂਰੀ ਸਿੱਖ ਵਾਸਤੇ,
ਬਾਣੀ ਤੋਂ ਬਿਨਾਂ ਵੀ ਗੱਲ ਨਹੀਂ।
ਰੋਗ-ਆਧੀਆਂ, ਬਿਆਧੀਆਂ, ਉਪਾਧੀਆਂ,
ਨਾਮ ਤੋਂ ਬਿਨਾਂ ਕੋਈ ਹੱਲ ਨਹੀਂ।
ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਵੀ,
ਜੇ ਡੇਰਿਆਂ ਦਾ ਭੁੱਸ ਪੈ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿੱਚ ਫਸ ਗਏ,
ਨਿਆਰਾਪਨ.................................।

**ਗੁਰੂ ਤੇ ਖਾਲਸਾ :**

ਬਾਣੀ-ਬਾਣਾ ਹੈ ਗੁਰਾਂ ਨੇ ਸਾਨੂੰ ਬਖ਼ਸ਼ਿਆ,
ਜੱਗ ਤੋਂ ਨਿਆਰਾ ਖ਼ਾਲਸਾ।
ਗੁਰੂ ਆਪ ਖ਼ਾਲਸੇ ਦੇ ਵਿਚ ਵੱਸਦਾ,
ਗੁਰੂ ਨੂੰ ਪਿਆਰਾ ਖਾਲਸਾ।
'ਸੁਖਦੇਵ ਸਿੰਘਾ' ਉਹਨੇ ਢਾਹਿਆ ਹੰਕਾਰ ਨੂੰ,
ਗੁਰੂ-ਦਰ ਤੇ ਜੋ ਢਹਿ ਗਿਆ।
ਅਸੀਂ ਕੁਰੀਤੀਆਂ ਦੇ ਜਾਲ ਵਿਚ ਫਸ ਗਏ,
ਨਿਆਰਾਪਣ ਪਾਸੇ ਰਹਿ ਗਿਆ।
ਸਜਾਇਆ ਗੁਰਾਂ ਨੇ ਨਿਆਰਾ ਪੰਥ ਖਾਲਸਾ,
ਮਿਲ-ਗੋਭਾ ਹੋ ਕੇ ਰਹਿ ਗਿਆ।

■ ■ ■ ■ ■ ■ ■

*ਪੰਨਾ 9 ਦਾ ਬਾਕੀ*

ਵਾਹਿਗੁਰੂ ਗੁਰ ਸਬਦੁ ਸੁਣਾਇਆ॥
ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥ (੧੩/੨)
ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ॥ (੯/੧੩)
ਵਾਹਿਗੁਰੂ ਗੁਰੁ ਸਬਦੁ ਲੈ ਪਿਰਮ
ਪਿਆਲਾ ਚੁਪਿ ਚਬੋਲਾ॥ (੪/੧੭)

ਸੋ ਹੁਣ ਇਹ ਭੇਦ ਖੁੱਲ੍ਹ ਗਿਆ ਹੈ ਕਿ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚ, ਹੋਸੀ ਭੀ ਸਚ, ਕਰਤੇ ਪੁਰਖ ਦਾ ਆਪਣਾ ਰਚਿਆ 'ਸਤਿਨਾਮ' ਜਿਸ ਦੇ ਰਾਹੀਂ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਤੇ ਜਿਸ ਦੇ ਸਿਮਰਨ ਨਾਲ ਹੀ ਅਕਾਲ ਪੁਰਖ ਨਾਲ ਸਮੀਪਤਾ ਤੇ ਪੂਰਨ ਕਲਿਆਣ, ਭਾਵ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਪ੍ਰਾਪਤ ਹੋ ਸਕਦਾ ਹੈ, ਉਹ ਹੈ ਇਹ ਪਾਵਨ ਚਾਰ ਅਖਰਾਂ ਵਾਲਾ ਗੁਰਮੰਤ੍ਰ ਨਾਮ "ਵਾ-ਹਿ-ਗੁ-ਰੂ" ਅਤੇ ਇਹ ਨਾਮ ਕੇਵਲ ਗੁਰੂ ਨਾਨਕ ਸਾਹਿਬ ਦੇ ਘਰੋਂ ਦਰੋਂ ਹੀ ਪ੍ਰਾਪਤ ਹੋ ਸਕਦਾ ਹੈ।

■ ■ ■ ■ ■ ■ ■ ■ ■ ■ ■ ■

*ਪੰਨਾ 4 ਦਾ ਬਾਕੀ*

(ਗੁਰਮੰਤ੍ਰ) ਦੀ ਰਾਹੀਂ ਨਾਮ-ਸਿਮਰਨ ਦੀ ਸੱਚੀ ਕਾਰ ਵਿਚ ਜੁਟਦਾ ਹੈ ਤਾਂ ਇਸ ਦੇ ਫਲ ਸਰੂਪ ਉਸ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਜਮਾਂ ਦਾ ਡਰ ਦੂਰ ਹੋ ਜਾਂਦਾ ਹੈ।

ਮਨਿ ਰਾਮ ਨਾਮੁ ਆਰਾਧਿਆ,
ਗੁਰ ਸਬਦਿ ਗੁਰੂ ਗੁਰ ਕੇ॥
ਸਭਿ ਇਛਾ ਮਨਿ ਤਨਿ ਪੂਰੀਆ,
ਸਭੁ ਚੂਕਾ ਡਰੁ ਜਮ ਕੇ॥
(ਸੂਹੀ ਮ: ੪, ਪੰਨਾ ੭੭੧)

ਤਾਂ ਤੇ ਆਓ ! ਅਸੀਂ ਭੀ ਆਪਣੇ ਮਨ ਨੂੰ ਸਮਝਾਈਏ, 'ਗੁਰਮਤਿ ਗਾਡੀ ਰਾਹ' ਤੇ ਪੈ ਕੇ ਨਾਮ-ਸਿਮਰਨ ਦੀ ਸੱਚੀ ਕਾਰੇ ਲੱਗੀਏ ਅਤੇ ਨਾਮ ਦੇ ਜਹਾਜ਼ ਰਾਹੀਂ ਸੰਸਾਰ ਸਮੁੰਦਰ ਵਿਚੋਂ ਪਾਰ ਲੰਘ ਜਾਈਏ।

ਸਿਮਰਿ ਸਿਮਰਿ ਗੋਬਿੰਦੰ॥
ਭਜੁ ਨਾਮਾ ਤਰਸਿ ਭਵ ਸਿੰਧੰ॥ ੪॥੧॥

■ ■ ■ ■ ■ ■ ■ ■ ■ ■ ■ ■


www.AKJ.Org

# ਸ਼ਹੀਦੀ ਸਾਕਾ ਨਨਕਾਣਾ ਸਾਹਿਬ

(ਸ: ਦੀਦਾਰ ਸਿੰਘ, ਪਟਿਆਲਾ)

ਸ੍ਰੀ ਦਸਮੇਸ਼ ਜੀ ਤੋਂ ਮਗਰੋਂ ਜਦ ਸਿੰਘਾਂ ਉਪਰ ਬਹੁਤ ਜ਼ੁਲਮ ਹੋਣ ਲਗੇ, ਇਨ੍ਹਾਂ ਦੇ ਸਿਰਾਂ ਦੇ ਮੁਲ ਪੈਣ ਲਗੇ ਤਾਂ ਉਸ ਔਖੇ ਸਮੇਂ ਤੋਂ ਬਚਣ ਲਈ ਇਕ ਤਰੀਕਾ ਇਹ ਵਰਤਿਆ ਗਿਆ ਕਿ ਸਾਰੀ ਕੌਮ ਸ਼ਹਿਰ ਅਤੇ ਪਿੰਡ ਛੱਡ ਕੇ ਜੰਗਲਾਂ ਅਤੇ ਪਹਾੜਾਂ ਵਿੱਚ ਚਲੀ ਗਈ। ਉਸ ਸਮੇਂ ਸਾਡੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਉਦਾਸੀ ਸਾਧ ਕਰਨ ਲੱਗ ਪਏ।

ਇਹ ਸਾਧ, ਸੇਵਾ ਦੇ ਪੁੰਜ ਅਤੇ ਬੜੇ ਭਜਨ-ਬੰਦਗੀ ਵਾਲੇ ਉਪਕਾਰੀ ਸਨ ਪਰ ਸਮੇਂ ਦੇ ਬਦਲਣ ਨਾਲ ਇਨ੍ਹਾਂ ਵਿਚ ਵੀ ਕਮਜ਼ੋਰੀਆਂ ਦਿਨੋ ਦਿਨ ਵਧਦੀਆਂ ਗਈਆਂ। ਇਨ੍ਹਾਂ ਸਾਧਾਂ ਨੂੰ ਮਹੰਤ ਕਿਹਾ ਜਾਂਦਾ ਸੀ। ਅੰਗਰੇਜ਼ਾਂ ਦੇ ਰਾਜ ਸਮੇਂ ਇਨ੍ਹਾਂ ਵਿੱਚ ਕਈ ਸ਼ਰਾਬੀ-ਕਬਾਬੀ ਅਤੇ ਭੈੜੇ ਆਚਰਨ ਵਾਲੇ ਹੋ ਗਏ।

ਇਨ੍ਹਾਂ ਮਹੰਤਾਂ ਵਿਚੋਂ ਇਕ ਮਹੰਤ ਨਰਾਇਣ ਦਾਸ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪੁਜਾਰੀ ਸੀ, ਜੋ ਕਿ ਸ਼ਰਾਬਾਂ ਪੀਂਦਾ, ਵੇਸਵਾ ਦੇ ਨਾਚ ਮੁਜਰੇ ਵੇਖਦਾ ਅਤੇ ਹੋਰ ਕਈ ਮਾੜੇ ਕੰਮ ਕਰਦਾ। ਜਦ ਇਸ ਦੇ ਹੁੰਦਿਆਂ ਦਰਸ਼ਨਾਂ ਲਈ ਆਏ ਯਾਤਰੂਆਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਵੀ ਲੁੱਟੀ ਜਾਣ ਲੱਗੀ ਤਾਂ ਸਾਰੇ ਸਿੱਖ ਜਗਤ ਵਿਚ ਹਾਹਾਕਾਰ ਮਚ ਗਈ।

ਉਸ ਸਮੇਂ ਗੁਰਦੁਆਰਿਆਂ ਨੂੰ ਇਹੋ ਜਿਹੇ ਮਹੰਤਾਂ ਤੋਂ ਛੁਡਾਉਣ ਲਈ ਇਕ ਲਹਿਰ ਚੱਲੀ, ਜਿਸ ਨੂੰ ਅਕਾਲੀ ਲਹਿਰ ਕਿਹਾ ਜਾਂਦਾ ਸੀ। ਇਸ ਲਹਿਰ ਨੇ ਕਈ ਗੁਰਦੁਆਰੇ ਮਹੰਤਾਂ ਤੋਂ ਛੁਡਵਾ ਲਏ ਸਨ। ਮਹੰਤ ਨਰਾਇਣ ਦਾਸ ਨੇ ਇਸੇ ਡਰ ਦੇ ਮਾਰੇ ਆਪਣੇ ਕੋਲ ਕਈ ਡਾਕੂ-ਬਦਮਾਸ਼ ਅਤੇ ਪਠਾਣ, ਅੰਗਰੇਜ਼ ਸਰਕਾਰ ਦੀ ਸ਼ਹਿ ਤੇ ਨੌਕਰ ਰੱਖ ਲਏ।

ਇਹ ਵੇਖ ਕੇ ਨਨਕਾਣੇ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਸਿਖਾਂ ਦੀ ਗ਼ੈਰਤ ਜਾਗੀ। ਉਨ੍ਹਾਂ ਨੇ ਅੰਦਰੋਂ ਅੰਦਰ ਸਲਾਹ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਇਕ ਰਾਤ ਇੱਕਠੇ ਹੋ ਕੇ ਅਚਾਨਕ ਗੁਰਦੁਆਰੇ ਵਿਚ ਦਾਖ਼ਲ ਹੋ ਕੇ ਕਬਜ਼ਾ ਕਰਨ ਦੀ ਸਲਾਹ ਬਣਾ ਲਈ।

ਪਰ ਐਨ ਮੌਕੇ ਤੇ ਸਿਖ ਲੀਡਰਾਂ (ਸ਼੍ਰੋਮਣੀ ਕਮੇਟੀ) ਨੂੰ ਪਤਾ ਲੱਗ ਜਾਣ ਤੇ ਉਨ੍ਹਾਂ ਨੇ ਇਸ ਤਰ੍ਹਾਂ ਕਰਨ ਦੀ ਮਨਾਹੀ ਕਰ ਦਿੱਤੀ, ਕਿਉਂਕਿ ਕਮੇਟੀ ਦੀ ਸਰਕਾਰ ਅਤੇ ਮਹੰਤਾਂ ਨਾਲ ਇਸ ਵਿਸ਼ੇ ਤੇ ਗੱਲਬਾਤ ਚਲ ਰਹੀ ਸੀ।

ਇਲਾਕੇ ਦੇ ਮੁਖੀਆਂ ਨੇ ਪੰਥਕ ਆਗੂਆਂ ਦੇ ਹੁਕਮ ਅਨੁਸਾਰ ਥਾਉਂ ਥਾਈਂ ਜਥਿਆਂ ਨੂੰ ਨੀਅਤ ਸਮੇਂ ਉਤੇ, ਨੀਅਤ ਥਾਂ ਤੇ ਪੁਜਣ ਤੇ ਰੋਕ ਲਿਆ। ਪਰ ਪਿੰਡ ਧਾਲੋਵਾਲੀ (ਸ਼ੇਖੂਪੁਰਾ) ਦੇ ਜਥੇ, ਜਿਸ ਦੇ ਮੁਖੀ ਭਾ. ਲਛਮਣ ਸਿੰਘ ਜੀ ਸਨ, ਨੂੰ ਪਹਿਲਾਂ ਇਤਲਾਹ ਨ ਪੁਜੀ।

ਇਹ ਜਥਾ ਪਿੰਡ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਅਰਦਾਸ ਕਰਕੇ ਚਲਿਆ ਸੀ ਕਿ ਜਾਂ ਤਾਂ ਸ਼ਹੀਦੀ ਪਾਵਾਂਗੇ ਜਾਂ ਗੁਰਦੁਆਰੇ ਨੂੰ ਮਹੰਤ ਤੋਂ ਆਜ਼ਾਦ ਕਰਵਾਵਾਂਗੇ।

ਜਦ ਇਹ ਜਥਾ ਨਨਕਾਣੇ ਸਾਹਿਬ ਦੀ ਜੂਹ ਵਿਚ ਪੁਜਾ ਤਾਂ ਇਸ ਨਾਲ 200 ਸਿੰਘ ਸਨ। ਇਨ੍ਹਾਂ ਤੋਂ ਜਥੇਦਾਰ ਨੇ ਅਗੇ ਦਾ ਸਾਰਾ ਹਾਲ ਦਸ ਕੇ ਕਿ ਉੱਥੇ ਗੁੰਡਿਆਂ ਨੇ ਹਮਲਾ ਵੀ ਕਰਨਾ ਹੈ, ਪੂਰਨ ਸ਼ਾਂਤਮਈ ਰਹਿਣ ਲਈ ਪ੍ਰਣ ਲਿਆ।

ਜਥੇ ਨੇ ਨਨਕਾਣੇ ਸਾਹਿਬ ਨਗਰ ਦੀ ਹੱਦ ਵਿਚ ਦਾਖ਼ਲ ਹੋਣ ਸਮੇਂ ਫੇਰ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ ! ਅਸੀਂ ਤੇਰੇ ਦਰ ਦੇ ਕੂਕਰ ਤੇਰੇ ਦਰਬਾਰ ਦੇ ਦਰਸ਼ਨਾਂ ਨੂੰ ਆਏ ਹਾਂ ਅਤੇ ਇਹ ਇਰਾਦਾ ਕਰਕੇ ਆਏ ਹਾਂ ਕਿ ਤੇਰੇ ਦਰਬਾਰ ਵਿਚ ਹੋ ਰਹੀਆਂ ਕੁਰੀਤੀਆਂ ਨੂੰ ਆਪਣਾ ਖ਼ੂਨ ਦੇ ਕੇ ਧੋਈਏ। ਇਸ ਲਈ ਸਚੇ-ਪਾਤਸ਼ਾਹ ! ਤੂੰ ਬਲ ਬਖ਼ਸ਼ੀਂ ਤਾਂ ਜੁ ਅਸੀਂ ਇਸ ਇਰਾਦੇ ਵਿਚ ਸਫ਼ਲ ਹੋਈਏ ਅਤੇ ਇਹ ਮਿੱਟੀ ਦੀਆਂ ਮੜ੍ਹੋਲੀਆਂ (ਸਰੀਰ) ਤੇਰੇ ਚਰਨਾਂ ਵਿਚ ਲੱਗ ਜਾਣ।

ਜਥਾ ਅਰਦਾਸ ਕਰਕੇ ਤੁਰਨ ਹੀ ਲਗਾ ਸੀ ਕਿ ਪੰਥਕ ਆਗੂਆਂ ਦਾ ਸੁਨੇਹਾ ਪੁੱਜਾ ਅਤੇ ਵਾਪਸ ਪਰਤਣ ਲਈ ਜ਼ੋਰ ਲਾਇਆ ਗਿਆ ਪਰ ਉਨ੍ਹਾਂ ਸਿੰਘਾਂ ਨੂੰ ਇਹ ਗੱਲ ਯਾਦ ਸੀ ਕਿ ਭਾਵੇਂ ਕੁੱਝ ਹੋ ਜਾਵੇ, ਸਿਖ ਅਰਦਾਸ ਕਰਕੇ ਕਦੇ ਵੀ ਪਿੱਛੇ ਨਹੀਂ ਹਟਦੇ। ਸੋ ਉਨ੍ਹਾਂ ਨੇ ਅਰਦਾਸ ਦੇ ਸਤਿਕਾਰ ਨੂੰ ਮੁਖ ਰੱਖਦਿਆਂ ਪਿਛੇ ਪਰਤਣ ਦਾ ਖਿਆਲ ਤੱਕ ਹੀ ਨਾ ਕੀਤਾ ਅਤੇ ਨਾ ਹੀ ਰੁਕ ਜਾਣਾ ਮੰਨਿਆਂ। ਉਸ ਵੇਲੇ ਉਨ੍ਹਾਂ ਦੇ ਦਿਲਾਂ ਵਿਚ ਗੁਰਦੁਆਰਿਆਂ ਵਿਚ ਹੋ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਕੁਰਬਾਨੀ ਦਾ ਜ਼ੋਸ਼ ਠਾਠਾਂ ਮਾਰ ਰਿਹਾ ਸੀ।

............ਬਾਕੀ ਪੰਨਾ ੧੯ ਤੇ



www.AKJ.Org

# ਮਰਦ ਅਗੰਮੜਾ–ਅਦੁੱਤੀ ਜੋਧਾ

(ਪ੍ਰੋ: ਸਾਹਿਬ ਸਿੰਘ ਜੀ, ਡੀ. ਲਿਟ.)

(੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਐਸੇ ਸਮੇਂ ਹੋਇਆ, ਜਦੋਂ ਭਾਰਤ ਵਰਸ਼ ਵਿਚ ਲਗ ਪਗ ਪੰਜ ਸੌ ਸਾਲਾਂ ਤੋਂ ਪੱਕੇ ਪੈਰਾਂ ਤੇ ਹੋਇਆ ਹੋਇਆ ਇਸਲਾਮੀ ਰਾਜ ਐਨ ਚੜ੍ਹਦੀਆਂ ਕਲਾਂ ਵਿਚ ਸੀ, *'ਵੱਸੋ ਤੇ ਵੱਸਣ ਦਿਉ'* ਦੇ ਆਦਰਸ਼ ਤੋਂ ਡਿੱਗ ਕੇ ਧੱਕੇ ਸ਼ਾਹੀ ਅਤੇ ਜ਼ੁਲਮ ਉੱਤੇ ਤੁਲ ਬੈਠਾ ਸੀ।

ਸ਼ਾਹੀ ਕਰਮਚਾਰੀਆਂ ਵਲੋਂ ਪਹਿਲਾਂ ਭੀ ਬਥੇਰੀ ਮਨ-ਆਈ ਅਤੇ ਬੇਨਿਆਈਂ ਪਰਜਾ ਨਾਲ ਹੁੰਦੀ ਚਲੀ ਆ ਰਹੀ ਸੀ ਪਰ ਹੁਣ ਸਿੱਧਾ ਬਾਦਸ਼ਾਹ ਔਰੰਗਜ਼ੇਬ ਵਲੋਂ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾਣ ਅਤੇ ਹਿੰਦੂਆਂ ਦਾ ਖੁਰਾ-ਖੋਜ ਮਿਟਾਣ ਦਾ ਬੀੜਾ ਚੁੱਕਿਆ ਗਿਆ।

ਕੇਵਲ ਹਿੰਦੂਆਂ ਦਾ ਹੀ ਨਹੀਂ, ਸਗੋਂ ਸ਼ੀਆ ਮੁਸਲਮਾਨ ਭੀ, ਜਿਹੜੇ ਔਰੰਗਜ਼ੇਬ ਦੇ ਆਪਣੇ ਮਜ਼ਹਬ *'ਸੁੰਨੀ'* ਦੇ ਵਿਰੋਧੀ ਸਨ, ਹਿੰਦੂਆਂ ਵਾਂਗ ਸੈਂਕੜਿਆਂ ਦੀ ਗਿਣਤੀ ਵਿਚ ਕਤਲ ਹੁੰਦੇ ਸਨ।

ਹਿੰਦੂ ਮਾਪਿਆਂ ਪਾਸੋਂ ਉਹਨਾਂ ਦੀਆਂ ਕੁਆਰੀਆਂ ਲੜਕੀਆਂ, ਭਰਾਵਾਂ ਪਾਸੋਂ ਉਹਨਾਂ ਦੀਆਂ ਭੈਣਾਂ, ਮਰਦਾਂ ਪਾਸੋਂ ਉਹਨਾਂ ਦੀਆਂ ਪਤੀਬ੍ਰਤ ਪਤਨੀਆਂ, ਧੱਕੇਸ਼ਾਹੀ ਨਾਲ ਖੋਹੀਆਂ ਜਾਂਦੀਆਂ ਸਨ। ਇਹਨਾਂ ਅੱਤਿਆਚਾਰਾਂ ਨੇ ਹਿੰਦੂਆਂ ਨੂੰ, ਜਿਹੜੇ ਅੱਗੇ ਹੀ ਸਦੀਆਂ ਦੀ ਗੁਲਾਮੀ ਦੇ ਕਾਰਨ ਕਾਇਰ ਹੋ ਚੁੱਕੇ ਸਨ, ਹੋਰ ਭੀ ਡਰਾਕਲ ਬਣਾ ਦਿੱਤਾ। ਹੁਣ ਕਿਸੇ ਛੋਟੇ ਮੋਟੇ ਜੋਧੇ ਦਾ ਕੰਮ ਨਹੀਂ ਸੀ ਕਿ ਅਜਿਹੇ ਕੱਟੜ ਅਤੇ ਭਿਆਨਕ ਰਾਜ ਦੇ ਵਿਰੁੱਧ ਬੋਲ ਸਕੇ।

(੨)

ਦੂਜੇ ਪਾਸੇ, ਗੁਰੂ ਗੋਬਿੰਦ ਸਿੰਘ ਜੀ ਵਲ ਭੀ ਵੇਖੋ। ਉਮਰ ਕੇਵਲ ਦਸ ਸਾਲਾਂ ਦੀ, ਨਾ ਕੋਈ ਨਾਲ ਸਲਾਹਕਾਰ, ਨਾ ਕੋਈ ਸੰਬੰਧੀ ਮਦਦਗਾਰ, ਨਾ ਕੋਈ ਫ਼ੌਜ ਜਾਂ ਲਸ਼ਕਰ, ਨ ਕਿਲ੍ਹਾ, ਨ ਰਿਆਸਤ ਅਤੇ ਨ ਕੋਈ ਹੋਰ ਸਾਮਾਨ।

ਟਾਕਰੇ ਲਈ ਇਕ ਪਾਸੇ ਦੇਸ ਦੀ ਵੱਡੀ ਤਾਕਤ ਦਾ ਮਾਲਕ ਕੱਟੜ ਔਰੰਗਜ਼ੇਬ ਤੁਲਿਆ ਬੈਠਾ ਹੈ, ਦੂਜੇ ਪਾਸੇ ਪਹਾੜੀ ਹਿੰਦੂ ਰਾਜਪੂਤ ਰਾਜੇ ਗੋਂਦਾਂ ਗੁੰਦ ਰਹੇ ਹਨ, ਤੀਜੇ ਪਾਸੇ ਘਰ ਦੇ ਭੇਤੀ ਬਾਬਾ ਧੀਰਮਲ ਅਤੇ ਰਾਮ ਰਾਇ ਦੁਸ਼ਮਨਾਂ ਨੂੰ ਸੋਆਂ ਦੇ ਰਹੇ ਹਨ ਅਤੇ ਚੌਥ ਨਿੱਘਰੇ ਹੋਏ ਡਰਾਕਲ ਲੋਕ ਸਗੋਂ ਰਾਹ ਵਿਚ ਰੋੜੇ ਅਟਕਾ ਕੇ ਰਾਜ਼ੀ ਹਨ।

ਪਰ ਸਤਿਗੁਰੂ ਜੀ ਨੇ ਸਮਝ ਲਿਆ ਸੀ ਕਿ ਇਹਨਾਂ ਡਰਾਕਲ ਤੇ ਕਾਇਰ ਲੋਕਾਂ ਵਿਚੋਂ ਹੀ ਜੋਧੇ ਬਣਨੇ ਹਨ, ਬੀਰ ਸੂਰਮੇ ਕਿਤੋਂ ਹੋਰ ਬਾਹਰੋਂ ਨਹੀਂ ਆਉਣੇ।

ਸਤਿਗੁਰੂ ਜੀ ਨੇ ਗਿੱਦੜਾਂ ਤੇ ਕਾਇਰਾਂ ਵਿਚੋਂ ਹੀ ਸ਼ੇਰ ਬਣਾਏ ਅਤੇ ਚਿੜੀਆਂ ਤੋਂ ਬਾਜ ਤੁੜਾਏ।

ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤ-ਸ਼ਕਤੀ ਦਾ ਜ਼ਿਕਰ ਇਕ ਕਵੀ ਇਉਂ ਕਰਦਾ ਹੈ :-

ਉਹ ਗੁਰੁ ਗੋਬਿੰਦ ਹੁਇ ਪ੍ਰਗਟਿਆ,  
ਦਸਵੇਂ ਅਵਤਾਰਾ। ਜਿਨਿ ਅਲਖੁ ਅਕਾਲੁ  
ਨਿਰੰਜਨਾ,ਜਪਿਓ ਕਰਤਾਰਾ।। ਜਿਨਿ ਪੰਥੁ  
ਚਲਾਇਓ ਖਾਲਸਾ,ਧਰਿ ਤੇਜੁ ਕਰਾਰਾ। ਸਿਰਿ  
ਕੇਸ ਧਾਰਿ,ਗਹਿ ਖੜਗ ਕਉ, ਸਭ ਦੁਸਟ ਪਛਾਰਾ।।  
ਸੀਲ ਜੱਤ ਕੀ ਕਛ ਪਹਰਿ, ਪਕੜੋ ਹਥਿਆਰਾ।  
ਸਚ ਫਤਹ ਬੁਲਾਈ ਗੁਰੂ ਕੀ, ਜੀਤਯੋ ਰਣੁ ਭਾਰਾ।।  
ਸਭ ਦੈਤ ਅਗੰਨ ਕਉ ਘੇਰਿ ਕਰਿ, ਕੀਓ  
ਪਹਿਹਾਰਾ। ਤਬ ਸਹਜੇ ਪ੍ਰਗਟਿਓ ਜਗਤ ਮਹਿ,  
ਗੁਰ ਜਾਪੁ ਅਪਾਰਾ।। ਇਉਂ ਉਪਜੇ ਸਿੰਘ  
ਭੁਜੰਗੀਏ ਨੀਲੰਬਰ ਧਾਰਾ। ਤੁਰਕ ਦੁਸ਼ਟ  
ਸਭ ਖੈ ਕੀਏ, ਹਰਿ ਨਾਮੁ ਉਚਾਰਾ।। ਤਿਨ  
ਆਗੇ ਕੋਇ ਨ ਠਹਰਿਓ, ਭਾਗੇ ਸਿਰਦਾਰਾ।  
ਤਹ ਰਾਜੇ ਸ਼ਾਹ ਅਮੀਰੜੇ, ਹੋਏ  
ਸਭ ਛਾਰਾ।। ਫਿਰਿ ਸੁਨਿਕਰਿ ਐਸੀ  
ਧਮਕ ਕਉ, ਕਾਂਪੇ ਗਿਰਿ ਭਾਰਾ।  
ਤਬ ਸਭ ਧਰਤੀ ਹਲਚਲ ਭਈ, ਛਾਡੇ ਘਰਬਾਰਾ।।  
ਗਹਿ ਐਸੇ ਦੁੰਦ ਕਲੇਸ਼ ਮਹਿ, ਖਪਿਓ ਸੰਸਾਰਾ।  
ਤਹਿੰ ਬਿਨੁ ਸਤਿਗੁਰ ਕੋ ਹੈ ਨਹੀਂ, ਭੈ ਕਾਟਣਹਾਰਾ।।  
ਇਉਂ ਐਸੇ ਖੜਗੁ ਦਿਖਾਈਅਨ,  
ਕੋ ਸਕੈ ਨ ਝੇਲਾ।  
ਵਾਹੁ ਵਾਹੁ ਗੋਬਿੰਦੁ ਸਿੰਘ,  
ਆਪੇ ਗੁਰ ਚੇਲਾ।। ੧੫।।

ਉਹਨਾਂ ਲੋਕਾਂ ਨੇ ਹੀ, ਜਿਹੜੇ ਬਿਲਕੁਲ ਨਕਾਰੇ ਤੇ ਨਿਰਬਲ ਹੋ ਚੁੱਕੇ ਸਨ, ਅੰਮ੍ਰਿਤ ਦੀ ਸ਼ਕਤੀ ਨਾਲ ਬੜੇ ਬੜੇ ਮੁਗ਼ਲ ਜਰਨੈਲਾਂ ਦੇ ਮੂੰਹ ਭਵਾ ਦਿੱਤੇ। ਉਹਨਾਂ ਦੇ ਵਿਚੋਂ ਹੀ ਬਾਬਾ ਦੀਪ ਸਿੰਘ ਜਿਹੇ ਅਤੇ ਬਾਬਾ ਗੁਰਬਖ਼ਸ਼ ਸਿੰਘ ਜੀ ਜਿਹੇ ਅਨੇਕਾਂ ਸੂਰਮੇ ਰਣ ਵਿਚ ਆਹੂ ਲਾਹਣ ਵਾਲੇ ਨਿੱਤਰ ਪਏ। ਚਮਕੌਰ ਦੀ ਇਕ ਨਿੱਕੀ ਜਿਹੀ ਹਵੇਲੀ ਵਿਚ ਸਿਰਫ਼ ਚਾਲੀ ਸਿੰਘਾਂ ਨੇ ਦਸ ਲਖ ਵੈਰੀ-ਦਲ ਦਾ ਜੋ ਟਾਕਰਾ ਕੀਤਾ, ਉਸ ਦੀ ਮਿਸਾਲ ਦੁਨੀਆਂ ਵਿਚ ਅਜੇ ਤਕ ਨਹੀਂ ਮਿਲਦੀ।



www.AKJ.Org

ਸਵਾ ਲਾਖ ਸੇ ਏਕ ਲੜਾਊਂ।
ਤਬੀ ਗੋਬਿੰਦ ਸਿੰਘ ਨਾਮ ਕਹਾਊਂ।

ਇਸ ਵਾਕ ਨੂੰ ਕਲਗੀਧਰ ਪਾਤਸ਼ਾਹ ਨੇ ਸਾਰੀ ਦੁਨੀਆਂ ਦੇ ਸਾਹਮਣੇ ਸੂਰਜ ਵਾਂਗ ਰੌਸ਼ਨ ਕਰ ਦਿੱਤਾ।

(੩)

ਮਹਾਂ ਭਾਰਤ ਜੁੱਧ ਸਾਰੇ ਸੰਸਾਰ ਦੇ ਇਤਿਹਾਸ ਵਿਚ ਉੱਘਾ ਅਤੇ ਸੂਰਮਤਾਈ ਨਾਲ ਭਰਪੂਰ ਮੰਨਿਆ ਜਾਂਦਾ ਹੈ ਪਰ ਉਸ ਵਿਚ ਪਾਂਡਵਾਂ ਦਾ ਜਿੱਤਣਾ ਕੋਈ ਅਨੋਖੀ ਗੱਲ ਨਹੀਂ ਸੀ। ਸ੍ਰੀ ਕ੍ਰਿਸ਼ਨ ਜੀ ਜਿਹੇ ਸਲਾਹਕਾਰ, ਅਰਜਨ ਜਿਹੇ ਨੀਤੀ-ਵੇਤਾ, ਭੀਮ ਬਲੀ, ਲੱਖਾਂ ਹੋਰ ਮਦਦਗਾਰ, ਰਥਾਂ ਘੋੜਿਆਂ ਤੀਰਾਂ ਕਮਾਨਾਂ ਦੇ ਸਮਾਨ ਉਹਨਾਂ ਦੇ ਨਾਲ ਸਨ। ਮੁਕਾਬਲਾ ਕੇਵਲ ਆਪਣੇ ਹੀ ਤਾਏ ਚਾਚੇ ਦੇ ਪੁੱਤਰ ਭਰਾਵਾਂ *"ਕੌਰਵਾਂ"* ਨਾਲ ਹੀ ਸੀ।

ਪਰ ਅਸੀਂ ਹੁਣੇ ਹੀ ਵੇਖ ਆਏ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੇਸ ਦੀ ਕਿਤਨੀ ਡਾਢੀ ਭਿਆਨਕ ਹਾਲਤ ਸੀ। ਸਤਿਗੁਰੂ ਜੀ ਦੇ ਨਾਲ ਕੋਈ ਉਚੇ ਤਜਰਬੇ ਵਾਲੇ ਸਹਾਇਕ ਨਹੀਂ ਸਨ, ਕੋਈ ਸਾਮਾਨ ਨਹੀਂ ਸੀ। ਫਿਰ ਭੀ ਸਿਰਫ਼ ਪਰਮੇਸ਼ਵਰ ਤੇ ਭਰੋਸਾ ਰੱਖ ਕੇ, ਹੌਂਸਲੇ ਤੇ ਧੀਰਜ ਨਾਲ ਮੁਗ਼ਲਾਂ ਜਿਹੀਆਂ ਕੱਟੜ ਲੱਖਾਂ ਫ਼ੌਜਾਂ ਦਾ ਮੁਕਬਲਾ ਕਰ ਕੇ, ਜਿਤਾਂ ਪ੍ਰਾਪਤ ਕਰਨੀਆਂ ਦੁਨੀਆਂ ਦੇ ਇਤਿਹਾਸ ਵਿਚ ਕੇਵਲ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਕੰਮ ਸੀ।

ਉਹੀ ਕਵੀ ਸਤਿਗੁਰੂ ਜੀ ਦੀ ਬੀਰਤਾ ਦੀ ਇਸ ਉਚੀ ਬੇ-ਮਿਸਾਲ ਸ਼ਾਨ ਨੂੰ ਵੇਖ ਕੇ ਇਉਂ ਲਿਖਦਾ ਹੈ :-

ਪ੍ਰਾਣ-ਮੀਤ ਪਰਮਾਤਮਾ ਪੁਰਖੋਤਮ ਪੂਰਾ।
ਹਰਿ ਦੇਖਨਹਾਰਾ ਪਾਤਿਸ਼ਾਹ ਪ੍ਰਿਤਿਪਾਲ ਨ ਊਰਾ।।
ਵਹੁ ਪ੍ਰਗਟਿਓ ਪੁਰਖ ਭਗਵੰਤ ਰੂਪ,
ਗੁਰੁ ਗੋਬਿੰਦੁ ਸੂਰਾ।
ਵਹਿ ਅਨਦ ਬਿਨੋਦੀ ਚੋਜੀਆ,
ਸਤਿਗੁਰੁ ਭਰਪੂਰਾ।।
ਵਹਿ ਨਿਸਦਿਨ ਹਰਿਗੁਣ ਗਾਈਐ,
ਸਚੁ ਸੱਚੀ ਵੇਲਾ। ਵਾਹੁ ਵਾਹੁ ਗੋਬਿੰਦ ਸਿੰਘ,
ਆਪੇ ਗੁਰ ਚੇਲਾ।। ੧੪।।

(੪)

ਸੱਚੇ ਜੋਧੇ ਦੇ ਆਦਰਸ਼ ਹੁੰਦੇ ਹਨ ਬੀਰਤਾ, ਜਿਗਰਾ, ਕੁਰਬਾਨੀ ਅਤੇ ਨੇਕ-ਨੀਅਤੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰਤਾ ਦਾ ਥੋੜਾ ਕੁ ਦਰਸ਼ਨ ਅਸਾਂ ਕਰ ਲਿਆ ਹੈ। ਹੁਣ ਵੇਖੋ ਜਿਗਰਾ ਅਤੇ ਕੁਰਬਾਨੀ। ਦਸ ਸਾਲਾਂ ਦੀ ਉਮਰ ਵਿਚ ਪਿਤਾ ਨੂੰ ਕੁਰਬਾਨੀ ਲਈ ਤੋਰ ਦੇਣਾ, ਆਪਣੀ ਹੱਥੀਂ ਸ਼ਹੀਦੀ ਗਾਨਾ ਬੰਨ੍ਹ ਕੇ ਆਪਣੇ ਵੱਡੇ ਦੋਹਾਂ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੂੰ ਚਮਕੌਰ ਦੇ ਜੁੱਧ ਲਈ ਦੇਣਾ, ਦੋਹਾਂ ਜਿਗਰ ਦੇ ਟੁਕੜਿਆਂ ਫ਼ਤਹ ਸਿੰਘ ਅਤੇ ਜੋਰਾਵਰ ਸਿੰਘ ਨੂੰ ਕੰਧਾਂ ਵਿਚ ਚਿਣਵਾ ਕੇ ਇਕ ਹੰਝੂ ਨ ਕੇਰਨਾ, ਦੁਨੀਆਂ ਦੇ ਕਿਸੇ ਇਤਿਹਾਸ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ। ਇਸ ਯੋਧੇ ਦੀ ਮਿਸਾਲ, ਬੱਸ ! ਇਹ ਆਪ ਹੀ ਹੈ। ਰੱਬੀ ਰਜ਼ਾ ਤੇ ਪਹਾੜ ਵਾਂਗ ਅਟੱਲ ਰਹਿਣਾ, ਇਹ ਕਲਗੀਧਰ ਪਾਤਸ਼ਾਹ ਦਾ ਹੀ ਕੰਮ ਸੀ। ਜਦੋਂ ਸਾਰੇ ਸਰਬੰਸ ਵਾਰੇ ਜਾਣ ਦੀ ਖ਼ਬਰ ਸੁਣੀ, ਤਾਂ ਸਤਿਗੁਰੂ ਜੀ ਨੇ ਔਰੰਗਜ਼ੇਬ ਨੂੰ ਦੀਨੇ ਪਿੰਡ ਤੋਂ *'ਜ਼ਫ਼ਰਨਾਮਾ'* ਲਿਖ ਕੇ ਭੇਜਿਆ। ਉਸ ਨੂੰ ਪੜ੍ਹ ਕੇ ਵੇਖੋ, ਇਕ ਇਕ ਸ਼ੇਅਰ ਵਿਚ ਬੇ-ਮਿਸਾਲ ਮਰਦਾਨਗੀ ਤੇ ਜਿਗਰਾ ਲਿਸ਼ਕਾਂ ਮਾਰ ਰਿਹਾ ਹੈ। ਹਜ਼ੂਰ ਲਿਖਦੇ ਹਨ-

ਹੁਮਾ ਰਾ ਕਸੇ ਸਾਯਾ ਆਯਦ ਬ-ਜ਼ੇਰ।
ਬਰੋ ਦਸਤ ਦਾਰਦ ਨ ਜ਼ਾਗੋ ਦਲੇਰ।। ੧੬।।

ਹੁੱਮਾ ਪੰਛੀ ਦੇ ਪਰਛਾਵੇਂ ਹੇਠ ਜਿਹੜਾ ਕੋਈ ਆ ਜਾਵੇ, ਉਸ ਨੂੰ ਚਾਤਰ ਕਾਂ ਹੱਥ ਨਹੀਂ ਪਾ ਸਕਦਾ, ਭਾਵ, ਮੈਂ ਵਾਹਿਗੁਰੂ ਦੇ ਆਸਰੇ ਹੇਠ ਹਾਂ, ਮੇਰਾ ਕੋਈ ਕੁਝ ਨਹੀਂ ਵਿਗਾੜ ਸਕਦਾ।

ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ।।
ਨ ਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ।। ੧੭।।

ਜਿਹੜਾ ਮਨੁੱਖ ਸ਼ੇਰ ਦੀ ਸ਼ਰਨੀ ਆ ਜਾਂਦਾ ਹੈ, ਉਸ ਦੇ ਲਾਗੇ ਬਕਰੀ, ਭੇਡ ਤੇ ਹਿਰਨ ਆਦਿ ਫਟਕ ਨਹੀਂ ਸਕਦੇ।

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਮਾਂਦਸਤ ਪੇਚੀਦਾ ਮਾਰ।। ੭੮।।

ਕੀ ਹੋਇਆ ਜੇ (ਮੇਰੇ) ਚਾਰ ਬੱਚਿਆਂ ਨੂੰ ਕਤਲ ਕੀਤਾ ਗਿਆ ? ਕੁੰਡਲੀਆਂ ਸੱਪ (ਖ਼ਾਲਸਾ) ਤਾਂ ਬੱਚਿਆ ਹੀ ਰਿਹਾ।

ਚਿਹ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ।
ਕਿ ਆਤਸ਼ ਦਮਾਂ ਰਾ ਫ਼ਰੋਜ਼ਾਂ ਕੁਨੀ।। ੭੯।।

ਇਹ ਤੇਰੀ ਕਿਹੜੀ ਮਰਦਾਨਗੀ ਹੈ ਕਿ ਚੰਗਿਆੜਾ ਬੁਝਾ ਲਿਆ। ਇਸ ਤਰ੍ਹਾਂ ਤਾਂ ਸਗੋਂ (ਜੋਸ਼ ਦੀ) ਅੱਗ ਨੂੰ ਭੜਕਾ ਦਿਤਾ ਗਿਆ ਹੈ।

ਚੁ ਹੱਕ ਯਾਰ ਬਾਸ਼ਦ ਚਿਹ ਦੁਸ਼ਮਨ ਕੁਨਦ।
ਅਗਰ ਦੁਸ਼ਮਨੀ ਰਾ ਬ-ਸਦ ਤਨ ਕੁਨਦ।। ੧੦੭।।

ਜੇ ਵਾਹਿਗੁਰੂ ਮਿੱਤਰ ਹੈ ਤਾਂ ਵੈਰੀ ਕੁਝ ਨਹੀਂ ਵਿਗਾੜ ਸਕਦਾ, ਭਾਵੇਂ ਉਹ ਸੌ ਗੁਣਾ ਵੈਰ ਕਮਾਂਦਾ ਫਿਰੇ।

ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰੱਦ।
ਨ ਯਕ ਮੂਏ ਊ ਰਾ ਆਜ਼ਾਰ ਆਵੁਰੱਦ।। ੧੦੮।।

ਜੇ ਵੈਰੀ ਹਜ਼ਾਰਾਂ ਵੀ ਵੈਰ ਕਰੇ, ਤਾਂ ਵੀ ਉਹ


www.AKJ.Org

ਉਸ ਦਾ ਇਕ ਵਾਲ ਵਿੰਗਾ ਨਹੀਂ ਕਰ ਸਕਦਾ।

ਸਾਰਾ ਹੀ ਪਰਵਾਰ ਕੁਰਬਾਨ ਕਰਾ ਕੇ ਔਰੰਗਜ਼ੇਬ ਨੂੰ ਲਿਖਦੇ ਹਨ ਕਿ ਜਿਸ ਦੇ ਸਿਰ ਉਤੇ ਹੁਮਾ ਦਾ ਸਾਇਆ ਹੋਵੇ, ਉਸ ਉੱਤੇ ਕੋਈ ਕਾਂ ਦਲੇਰੀ ਕਰ ਕੇ ਹੱਥ ਨਹੀਂ ਪਾ ਸਕਦਾ, ਜਿਸ ਨੇ ਸ਼ੇਰ ਦਾ ਆਸਰਾ ਲਿਆ ਹੋਵੇ, ਉਸ ਦੇ ਰਸਤੇ ਵਿਚ ਬੱਕਰੀ ਭੇਡ ਆਦਿਕ ਕੋਈ ਰੋਕ ਨਹੀਂ ਪਾ ਸਕਦੇ। ਤੂੰ ਅਤੇ ਤੇਰੇ ਜਰਨੈਲ ਮੇਰੇ ਚਾਰ ਪੁੱਤਰ ਮਾਰ ਕੇ ਫ਼ਖ਼ਰ ਕਰਦੇ ਹੋਣਗੇ, ਪਰ ਤੁਸਾਂ ਆਪਣੇ ਵਿਰੁਧ ਜਨਤਾਂ ਦੇ ਦਿਲਾਂ ਵਿਚ ਅੱਗ ਦੇ ਭਾਂਬੜ ਮਚਾ ਲਏ ਹਨ। ਜਿਸ ਦੇ ਸਿਰ ਉੱਤੇ ਅਕਾਲ ਪੁਰਖ ਰਾਖਾ ਹੋਵੇ, ਦੁਸ਼ਮਨ ਸਾਰਾ ਟਿੱਲ ਲਾ ਕੇ ਭੀ ਉਸ ਦਾ ਵਾਲ ਭੀ ਵਿੰਗਾ ਨਹੀਂ ਕਰ ਸਕਦਾ।

(੫)

ਕਲਗੀਧਰ ਪਾਤਸ਼ਾਹ ਜੀ ਆਤਮਕ ਉਦਾਰਤਾ 'ਚ ਸਾਊ ਦੁਸ਼ਮਨ (Noble Foe) ਦੀ ਪਦਵੀ ਤੋਂ ਭੀ ਦੂਰ ਉਚੇ ਲੰਘ ਗਏ ਹਨ।

'ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ' ਵਾਲੇ ਆਦਰਸ਼ ਨੂੰ ਸਦਾ ਆਪਣੇ ਸਾਹਮਣੇ ਰੱਖਿਆ ਕਦੇ ਭੀ ਕੋਈ ਧੋਖਾ ਜਾਂ ਚਲਾਕੀ ਨਹੀਂ ਕੀਤੀ। ਪਹਾੜੀ ਰਾਜੇ ਸਤਿਗੁਰੂ ਜੀ ਦੇ ਜਾਨੀ ਵੈਰੀ ਸਨ, ਭੰਗਾਣੀ ਦੇ ਜੁੱਧ ਵਿਚ ਉਹਨਾਂ ਦੀ ਨੀਯਤ ਸਾਫ਼ ਉੱਘੜ ਪਈ ਸੀ ਪਰ ਜਦੋਂ ਕਦੇ ਉਹਨਾਂ ਉਤੇ ਮੁਗ਼ਲ ਹਾਕਮਾਂ ਵਲੋਂ ਜਬਰ ਹੋਇਆ, ਸਤਿਗੁਰੂ ਜੀ ਨੇ ਸਦਾ ਉਹਨਾਂ ਦੀ ਬਾਂਹ ਫੜੀ। ਗੁਰੂ ਪਾਤਸ਼ਾਹ ਦੇ ਪਾਸ ਸ਼ਿਕਾਇਤ ਹੋਈ ਸੀ ਕਿ ਭਾਈ ਘਨੱਈਆਂ ਜੀ ਰਣ-ਭੂਮੀ ਵਿਚ ਦੋਸਤਾਂ ਦੁਸ਼ਮਨਾਂ ਦੋਹਾਂ ਧਿਰਾਂ ਦੇ ਫਟੜਾਂ ਨੂੰ ਪਾਣੀ ਪਿਲਾਂਦੇ ਹਨ, ਸਤਿਗੁਰੂ ਜੀ ਭਾਈ ਘਨੱਈਏ ਜੀ ਦੀ ਇਹ ਨਿਰਵੈਰਤਾ ਵੇਖ ਕੇ ਬਹੁਤ ਖ਼ੁਸ਼ ਹੋਏ ਸਨ। ਉਹਨਾਂ ਦਾ ਵੈਰ ਕਿਸੇ ਹਿੰਦੂ ਜਾਂ ਮੁਸਲਮਾਨ ਨਾਲ ਨਹੀਂ ਸੀ। ਇਹੀ ਨਿਰਵੈਰਤਾ ਸੀ ਜਿਸ ਨੇ ਗ਼ਨੀ ਖ਼ਾਂ ਅਤੇ ਨਬੀ ਖ਼ਾਂ ਨੂੰ ਖਿੱਚ ਕੇ ਲਿਆਂਦਾ ਸੀ, ਤੇ ਬੜੇ ਬਿਖੜੇ ਸਮੇਂ ਉਹਨਾਂ ਨੂੰ ਗੁਰੂ-ਪਾਤਸ਼ਾਹ ਦੀ ਸੇਵਾ ਕਰਨ ਦੀ ਪ੍ਰੇਰਨਾਂ ਕੀਤੀ ਸੀ, ਸਤਿਗੁਰੂ ਜੀ ਬਿਨਾਂ ਕਿਸੇ ਜਾਤ ਪਾਤ ਦੇ ਪੱਖ ਦੇ ਧਰਮੀਆਂ ਦੇ ਸਹਾਇਕ ਸਨ ਅਤੇ ਅਧਰਮ ਦੇ ਵਿਰੋਧੀ ਸਨ। ਆਪਣਾ ਇਹ ਆਦਰਸ਼ ਉਹ ਆਪ ਸਾਫ਼ ਲਫ਼ਜ਼ਾਂ ਵਿਚ ਇਉਂ ਦੱਸਦੇ ਹਨ :-

ਇਹੈ ਕਾਜ ਧਰਾ ਹਮ ਜਨਮੰ।।
ਸਮਝਿ ਲੇਹੁ ਸਾਧੂ ਸਭ ਮਨਮੰ।।
ਧਰਮ ਚਲਾਵਨ ਸੰਤ ਉਬਾਰਨ।।
ਦੁਸ਼ਟ ਸਭ ਕੋ ਮੂਲ ਉਪਾਰਨ।।

■ ■ ■ ■ ■ ■ ■ ■ ■ ■

*ਪੰਨਾ ੧੬ ਦਾ ਬਾਕੀ.........*

ਜਥਾ ਸਾਰੀ ਰਾਤ ਪੈਦਲ ਚੱਲਣ ਤੋਂ ਮਗਰੋਂ ਸਵੇਰੇ ਗੁਰਦੁਆਰਾ ਜਨਮ ਅਸਥਾਨ ਵਿਚ ਦਾਖਲ ਹੋ ਗਿਆ। ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਬੈਠ ਗਏ ਅਤੇ ਬਾਕੀ ਸਿੰਘ ਸਾਹਮਣੇ ਬੈਠ ਕੇ ਆਸਾ ਦੀ ਵਾਰ ਦਾ ਪਾਠ ਕਰਨ ਲਗ ਪਏ।

ਮਹੰਤ ਸਾਰੀ ਕਾਰਵਾਈ ਦੇਖ ਰਿਹਾ ਸੀ। ਉਸ ਨੇ ਝਟ ਪਟ ਰੱਖੇ ਹੋਏ ਬੰਦਿਆਂ ਨੂੰ ਨੀਯਤ ਕਾਰਵਾਈ ਕਰਨ ਦਾ ਹੁਕਮ ਦੇ ਦਿੱਤਾ। ਉਨ੍ਹਾਂ ਨੌਕਰ ਰਖੇ ਹੋਏ ਪਠਾਣਾਂ ਅਤੇ ਬਦਮਾਸ਼ਾਂ ਨੇ ਨਿਹੱਥੇ ਸਿੰਘਾਂ ਉਤੇ ਤਾੜ ਤਾੜ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ। ਕਈ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਲਗੀਆਂ।

ਭਾਈ ਦਲੀਪ ਸਿੰਘ ਜੀ ਉਸ ਵੇਲੇ ਉਥੇ ਹੀ ਇਕ ਕਾਰਖ਼ਾਨੇ ਵਿਚ ਸਨ। ਗੋਲੀਆਂ ਦੀ ਤਾੜ ਤਾੜ ਅਵਾਜ਼ ਸੁਣ ਕੇ ਉਨ੍ਹਾਂ ਦਾ ਖ਼ੂਨ ਉਬਲ ਉਠਿਆ ਅਤੇ ਉਹ ਨੱਠੇ ਨੱਠੇ ਜਨਮ-ਅਸਥਾਨ ਵਲ ਆਏ। ਪਰ ਬੇ-ਤਰਸ ਹਤਿਆਰੇ ਮਹੰਤ ਦੇ ਇਸ਼ਾਰੇ ਤੇ ਗੁੰਡਿਆਂ ਨੇ ਉਨ੍ਹਾਂ ਨੂੰ ਚੁਕ ਕੇ ਲਾਗੇ ਹੀ ਲਟ ਲਟ ਭਖ ਰਹੀ ਭੱਠੀ ਵਿਚ ਝੋਕ ਦਿੱਤਾ। ਇਉਂ ਉਹ ਉਥੇ ਹੀ ਸ਼ਹੀਦੀ ਜਾਮ ਪ੍ਰਾਪਤ ਕਰ ਕੇ ਆਪਣੀ ਅਹੂਤੀ ਦੇ ਗਏ।

ਜਦ ਸਾਰੇ ਸਿੰਘ ਗੋਲੀਆਂ ਲੱਗਣ ਨਾਲ ਡਿੱਗ ਪਏ. ਤਾਂ ਮਹੰਤ ਆਪਣੇ ਆਦਮੀਆਂ ਸਮੇਤ ਉਥੇ ਨੇੜੇ ਪੁਜਾ ਅਤੇ ਬਰਛਿਆਂ ਗੰਡਾਸਿਆਂ ਨਾਲ ਫਟੜਾਂ ਜੀਊਂਦਿਆਂ ਦੇ ਹੀ ਟੁਕੜੇ ਕਰਨ ਲੱਗਾ। ਚਾਰੋਂ ਪਾਸੇ ਖ਼ੂਨ ਦੇ ਫੁਹਾਰੇ ਚਲ ਪਏ। ਪਰ ਕੀ ਮਜਾਲ, ਇਸ ਸ਼ਹੀਦਾਂ ਦੀ ਕੌਮ ਦੇ ਕਿਸੇ ਇੱਕ ਵੀ ਜਵਾਨ ਨੇ *"ਹਾਏ"* ਆਖੀ ਹੋਵੇ ਜਾਂ *"ਸੀ"* ਕੀਤੀ ਹੋਵੇ। ਇਨ੍ਹਾਂ *"ਸੂਰਬੀਰ ਬਚਨ ਕੇ ਬਲੀ"* ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਇਨ੍ਹਾਂ ਨੂੰ ਤੇਲ ਪਾ ਕੇ ਸਾੜਿਆ ਗਿਆ। ਭਾ: ਲਛਮਣ ਸਿੰਘ ਜੀ ਨੂੰ ਦਰੱਖ਼ਤ (ਜੰਡ) ਨਾਲ ਟੰਗ ਕੇ ਤੇਲ ਪਾ ਕੇ ਜੀਊਂਦਿਆਂ ਸਾੜਿਆ ਗਿਆ। ਇਸ ਸਾਕੇ ਵਿਚ ੮੬ ਸ਼ਹੀਦੀ ਪਾ ਗਏ ਸਿੰਘਾਂ ਦੇ ਨਾਂ ਪੱਤੇ ਮਿਲਦੇ ਹਨ।

ਇਸ ਤਰ੍ਹਾਂ ਇਨ੍ਹਾਂ ਮਹਾਨ ਸ਼ਹੀਦਾਂ ਨੇ ਗੁਰੂ ਸਾਹਿਬਾਂ ਦੀ ਬਖ਼ਸ਼ੀ ਹੋਈ ਕੁਰਬਾਨੀ ਦੀ ਸਪਿਰਿਟ ਨੂੰ ਮੁੜ ਨਵੇਂ ਸਿਰਿਓਂ ਸੁਰਜੀਤ ਕਰ ਦਿਤਾ। ਇਹ ਸ਼ਹੀਦੀ ਸਾਕਾ 21 ਫ਼ਰਵਰੀ 1921 ਨੂੰ ਸਵੇਰੇ 6 ਵਜੇ ਵਰਤਿਆ ਸੀ। ਉਸ ਦਿਨ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਕੁਰਬਾਨੀਆਂ ਦੇਣ ਵਾਲਿਆਂ ਦੀ ਕੁਰਬਾਨੀ ਸਾਡੀ ਰੋਜ਼ ਦੀ ਅਰਦਾਸ ਵਿੱਚ ਸ਼ਾਮਲ ਹੋ ਗਈ।

■ ■ ■ ■ ■ ■ ■ ■ ■ ■



www.AKJ.Org

# ਭਗਤ ਰਵਿਦਾਸ ਜੀ

(ਗਿ: ਗੁਰਦੇਵ ਸਿੰਘ)

ਜਦੋਂ ਹਿੰਦੁਸਤਾਨ ਤੇ ਸਿਕੰਦਰ ਲੋਧੀ ਦਾ ਰਾਜ ਸੀ ਉਸ ਵੇਲੇ ਭਗਤ ਰਵਿਦਾਸ ਜੀ ਦਾ ਜਨਮ ਕਾਸ਼ੀ ਵਿਖੇ ਹੋਇਆ। ਆਪ ਦੇ ਪਿਤਾ ਜੀ ਦਾ ਨਾਮ ਰਘੂ, ਤੇ ਮਾਤਾ ਦਾ ਨਾਂ ਧੁਮੰਬਨੀਆ ਸੀ। ਆਪ ਜੀ ਦੀ ਗੁਰੂ ਪ੍ਰੰਪਰਾ ਇਸ ਤਰ੍ਹਾਂ ਦੱਸੀ ਜਾਂਦੀ ਹੈ ਕਿ ਰਾਮਾਨੁਜ ਜੀ, ਸ੍ਰੀ ਦੇਵਾ ਨੰਦ, ਸ੍ਰੀ ਹਰਿਆ ਨੰਦ, ਸ੍ਰੀ ਰਾਮਾਨੰਦ ਫਿਰ ਭਗਤ ਰਵੀਦਾਸ ਜੀ। ਆਪ ਜੀ ਦੇ ਗੁਰੂ ਦੇਵ ਸੁਵਾਮੀ ਰਾਮਾ ਨੰਦ ਜੀ ੧੫੨੪ ਨੂੰ ਅਬਿਨਾਸੀ ਪ੍ਰਕਾਸ਼ ਵਿੱਚ ਲੀਨ ਹੋਏ। ਬਚਪਨ ਤੋਂ ਹੀ ਆਪ ਭਗਤ ਬਿਰਤੀ ਦੇ ਮਾਲਕ ਸਨ। ਪੂਜਾ ਪਾਠ, ਦਾਨ ਪੁੰਨ ਦੀ ਰੁਚੀ ਸੀ। ਜਦੋਂ ਆਪ ਜੀ ਜਵਾਨ ਹੋਏ ਮਾਤਾ ਪਿਤਾ ਨੇ ਸ਼ਾਦੀ ਕਰਕੇ ਵੱਖ ਕਰ ਦਿੱਤਾ। ਆਪ ਜੀ ਦੇ ਪਿਤਾ ਨੇ ਧੰਨਵਾਨ ਹੋਣ ਦੇ ਬਾਵਜੂਦ ਕੋਈ ਵਸਤੂ ਨਾ ਦਿੱਤੀ, ਕਿ ਇਸਨੇ ਸਾਧੂਆਂ ਦੀ ਸੰਗਤ ਤੇ ਖਰਚ ਕਰ ਦੇਣਾ ਹੈ। ਆਪ ਜੀ ਨੇ ਇਕ ਛਪਰੀ ਵਿੱਚ ਧਰਮ ਪਤਨੀ ਸਮੇਤ ਨਿਵਾਸ ਕੀਤਾ। ਜੀਵਨ ਬੜਾ ਸਿੱਧਾ ਸਰਲ, ਸਾਦਾ ਤੇ ਸੰਤੋਖੀ ਸੀ। ਜੁੱਤੀਆਂ ਬਣਾਕੇ ਜਾਂ ਗੰਢ ਕੇ ਆਪਣਾ ਨਿਰਬਾਹ ਕਰਦੇ। ਈਸ਼ਵਰ ਭਗਤੀ, ਸੇਵਾ ਤੇ ਪ੍ਰੇਮ ਦਾ ਅੱਤੁਟ ਭੰਡਾਰ ਸਨ।

ਆਪ ਜੀ ਦੇ ਸ਼ੁਭ ਗੁਣਾਂ ਦੀ ਸੁਗੰਧੀ ਚਾਰੇ ਪਾਸੇ ਫੈਲ ਗਈ। ਸਾਧੂ ਮਹਾਤਮਾ ਆਸ ਪਾਸ ਆਉਣ ਲੱਗੇ। ਇਕ ਦਿਨ ਇਕ ਪੂਰਨ ਪੁਰਖ ਆਇਆ। ਆ ਕੇ ਭਗਤ ਜੀ ਨੂੰ ਕਹਿਣ ਲੱਗਾ ਕਿ ਘਰ ਵਿਚ ਗਰੀਬੀ ਹੈ ਮਾਇਆ ਦੀ ਤੰਗੀ ਹੈ। ਤੁਸੀਂ ਘਰ ਆਏ ਸਾਧੂਆਂ ਦੀ ਸੇਵਾ ਕਰਦੇ ਹੋ। ਇਸ ਲਈ ਮੇਰੇ ਪਾਸ ਇਕ ਪਾਰਸ ਹੈ ਜੋ ਕਈ ਧਾਤਾਂ ਨੂੰ ਸੋਨਾ ਬਣਾ ਦਿੰਦਾ ਹੈ, ਤੁਸੀਂ ਇਹ ਆਪਣੇ ਪਾਸ ਰੱਖੋ। ਧਨ ਪਦਾਰਥ ਦੀ ਕਮੀ ਨਹੀਂ ਆਵੇਗੀ। ਭਗਤ ਜੀ ਕਹਿਣ ਲੱਗੇ ਕਿ ਮੈ ਸਿਮਰਨ ਕਰਾਂਗਾ ਕਿ ਸੋਨਾ ਸਾਂਭਾਂਗਾ। ਮੈ ਉਸ ਸਰਵ ਵਿਆਪਕ ਦੀ ਭਗਤੀ ਕਰਨੀ ਹੈ ਜੋ ਮਨੁੱਖੀ ਜੀਵਨ ਨੂੰ ਹੀ ਪਾਰਸ ਬਣਾ ਦਿੰਦਾ ਹੈ। ਜਨਮ ਮਰਣ ਦੇ ਚੱਕਰ ਤੇ ਛੁਟਕਾਰਾ ਮਿਲਦਾ ਹੈ। ਭਗਤ ਜੀ ਦੀ ਚੰਗੀ ਸ਼ੋਭਾ ਸੁਣਕੇ ਇਕ ਸੇਠ ਨੇ ਆਪ ਜੀ ਲਈ ਇਕ ਮਕਾਨ, ਪੂਜਾ ਪਾਠ ਵਾਸਤੇ ਮੰਦਰ ਅਤੇ ਆਏ ਗਏ ਸਾਧੂਆਂ ਵਾਸਤੇ ਸਰਾਂ ਬਣਾ ਦਿੱਤੀ। ਇਹ ਗੱਲ ਕਾਸ਼ੀ ਦੇ ਜਾਤਿ-ਅਭਿਮਾਨੀ ਪੰਡਤਾਂ ਨੂੰ ਬਹੁਤ ਚੁਭੀ। ਉਨਾਂ ਜਾ ਕੇ ਰਾਜੇ ਦੇ ਕੰਨ ਭਰ ਦਿੱਤੇ ਤੇ ਕਿਹਾ ਕਿ ਰਵੀਦਾਸ ਚਮਾਰ ਹੋ ਕੇ ਮੰਦਰ ਬਣਾਉਂਦਾ ਹੈ। ਸ਼ੂਦਰ ਪੂਜਾ ਪਾਠ ਕਰਨ, ਇਹ ਗੱਲ ਸਾਡੇ ਧਰਮ ਤੋਂ ਉਲਟ ਹੈ। ਪੰਡਤਾਂ ਵਲੋਂ ਲਾਏ ਦੋਸ਼ਾਂ ਦਾ ਆਪ ਨੇ ਉਤਰ ਦਿੰਦਿਆਂ ਕਿਹਾ, "ਰਾਜਨ ਸੱਚਾ ਧਰਮ ਉਹੀ ਹੁੰਦਾ ਹੈ ਜੋ ਮਨੁੱਖ ਮਾਤਰ ਦੇ ਭਲੇ ਵਾਸਤੇ ਹੋਵੇ। ਸਾਰੇ ਮਨੁੱਖ ਪੰਜਾਂ ਤੱਤਾਂ ਦੇ ਬਣੇ ਹੁੰਦੇ ਹਨ। ਮਿੱਟੀ, ਅੱਗ, ਹਵਾ, ਅਕਾਸ਼, ਪਾਣੀ। ਜਾਤ ਪਾਤ ਉਚ ਨੀਚ ਦਾ ਵਿਤਕਰਾ ਮਨੁੱਖਾਂ ਦਾ ਹੀ ਪਾਇਆ ਹੋਇਆ ਹੈ। ਭਗਵਾਨ ਦੀ ਜੋਤ ਸਭ ਦੇ ਹਿਰਦਿਆਂ 'ਚ ਵਸਦੀ ਹੈ। ਗੁਰਬਾਣੀ ਦਸਦੀ ਹੈ :-

ਸਭ ਮਹਿ ਜੋਤਿ ਜੋਤਿ ਹੈ ਸੋਇ।।
ਤਿਸਦੈ ਚਾਨਣ ਸਭ ਮਹਿ ਚਾਨਣੁ ਹੋਇ।।
(ਪੰਨਾ ੧੩)

ਇਸ ਨਾਲੋਂ ਤੰਗਦਿਲੀ ਹੋਰ ਕੀ ਹੋ ਸਕਦੀ ਹੈ ਕਿ ਪੰਡਤ ਮੈਨੂੰ ਪੂਜਾ ਪਾਠ ਤੇ ਰੋਕਣ। ਭਗਤ ਰਵਿਦਾਸ ਜੀ ਦਾ ਉਤਰ ਸੁਣ ਕੇ ਪੰਡਤ ਦੰਗ ਰਹਿ ਗਏ। ਭਗਤ ਜੀ ਨੇ ਕਿਹਾ ਕਿ "ਪੰਡਤਾਂ ਨੂੰ ਉਚੀ ਕੁਲ ਦਾ ਹੰਕਾਰ ਹੈ, ਮੈਨੂੰ ਪ੍ਰਮਾਤਮਾ ਤੇ ਭਰੋਸਾ ਹੈ" ਰਾਜਨ ਇਨਾਂ ਨੂੰ ਕਹੋ ਕਿ ਭਗਵਾਨ ਜੇਕਰ ਇਨਾਂ ਦਾ ਹੈ ਤਾਂ ਮੰਦਰ ਦੀਆਂ ਮੂਰਤੀਆਂ ਨੂੰ ਬੁਲਾਉਣ, ਜੇ ਇਨਾਂ ਦੀਆਂ ਹੋਣਗੀਆਂ ਤਾਂ ਆ ਜਾਣਗੀਆਂ। ਪੰਡਤਾਂ ਦੇ ਕਹੇ ਕੋਈ ਹਰਕਤ ਨਾ ਹੋਈ ਤੇ ਸਭਾ ਵਿੱਚ ਨੀਵੇਂ ਹੋ ਗਏ। ਇਸ ਸਮੇਂ ਸਰਵ-ਵਿਆਪਕ, ਸਰਵ-ਸ਼ਕਤੀਮਾਨ, ਸਰਵ-ਉਪਮਾਯੋਗ, ਸਰਵ-ਕਲਾ ਸਮਰੱਥ ਭਗਵਾਨ ਨੂੰ ਸੰਬੋਧਨ ਕਰਕੇ ਇਕ ਸ਼ਬਦ ਗਾਇਆ। ਇਹ ਸੁਣਕੇ ਲੋਕ ਝੂਮ ਉਠੇ। ਕਹਿੰਦੇ ਹਨ ਕਿ ਮੂਰਤੀਆਂ ਵੀ ਹਰਕਤ ਵਿੱਚ ਆ ਗਈਆਂ। ਰਾਜੇ ਨੇ ਪੰਡਤਾਂ ਦਾ ਦਾਅਵਾ ਖਾਰਜ ਕਰ ਦਿਤਾ। ਭਗਤ ਜੀ ਨੂੰ ਆਪਣੇ ਬਰਾਬਰ ਸੱਜੇ ਪਾਸੇ ਬਠਾ ਕੇ ਸਨਮਾਨਿਆ।

ਬਨਾਰਸ ਮੁੱਢ ਤੋਂ ਹੀ ਧਰਮ, ਸੰਸਕ੍ਰਿਤ ਤੇ ਵਿਦਿਆ ਅਤੇ ਸੱਭਿਆਚਾਰ ਦਾ ਕੇਂਦਰ ਰਿਹਾ ਹੈ। ਇਸ ਲਈ ਭਗਤ ਜੀ ਬਨਾਰਸ ਰਹਿੰਦੇ ਰਹੇ।ਆਪ ਜੀ ਦੀ ਸ਼ੋਭਾ ਸਾਰੇ ਦੇਸ਼ ਵਿੱਚ ਫੈਲ ਗਈ। ਮੇਵਾੜ ਦੀ ਰਾਣੀ ਮੀਰਾਂ ਨੇ ਭਗਤ ਜੀ ਤੋਂ ਉਪਦੇਸ਼ ਲਿਆ ਤੇ ਚੇਲੀ ਬਣ ਗਈ। ਜਦੋਂ ਰਾਜਪੂਤਾਂ ਤੇ ਬ੍ਰਾਹਮਣਾਂ ਨੂੰ ਪਤਾ ਲੱਗਾ ਕਿ ਰਾਣੀ ਭਗਤ ਜੀ ਦੀ ਚੇਲੀ ਬਣ ਗਈ



www.AKJ.Org

ਹੈ, ਉਨਾਂ ਬੜਾ ਵਿਰੋਧ ਕੀਤਾ। ਉਸ ਵੇਲੇ ਰਾਣੀ ਮੀਰਾ ਬਾਈ ਨੇ ਇਕ ਭੰਡਾਰਾ ਕੀਤਾ, ਜਿਸ ਵਿੱਚ ਭਗਤ ਜੀ ਨੇ ਬ੍ਰਾਹਮਣਾਂ, ਖੱਤਰੀਆਂ, ਤੇ ਰਾਜਪੂਤਾਂ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ। ਭਾਰੀ ਇਕੱਠ ਹੋਇਆ ਤੇ ਛਕਣ ਤੋਂ ਪਹਿਲਾਂ ਰਾਣੀ ਨੇ ਭਗਤ ਰਵਿਦਾਸ ਨੂੰ ਮਨੋਹਰ ਉਪਦੇਸ਼ ਦੇਣ ਵਾਸਤੇ ਕਿਹਾ। ਪੰਡਤਾਂ ਨੇ ਰਵਿਦਾਸ ਨੂੰ ਨੀਵੀਂ ਜਾਤ ਦਾ ਸਮਝ ਕੇ ਸੰਗਤ ਤੇ ਪੰਗਤ ਦੇ ਰੂਪ ਵਿੱਚ ਬੈਠ ਕੇ ਪ੍ਰਸ਼ਾਦ ਛਕਣ ਵਿੱਚ ਹੀਣਤਾ ਪ੍ਰਗਟ ਕੀਤੀ। ਰਵਿਦਾਸ ਜੀ ਨੇ ਉਨਾਂ ਨੂੰ ਕਿਹਾ " ਹੇ ਨਗਰ ਦੇ ਪੁਰਸ਼ੋ, ਮੈਂ ਪ੍ਰਗਟ ਤੌਰ ਤੇ ਜਾਤੀ ਦਾ ਚਮਾਰ ਹਾਂ, ਪਰ ਮੇਰੇ ਹਿਰਦੇ ਵਿੱਚ ਪ੍ਰਮਾਤਮਾ ਦਾ ਪ੍ਰੇਮ ਹੈ ਅਤੇ ਉਸ ਦੇ ਸ੍ਰੇਸ਼ਠ ਗੁਣ ਹਨ।" ਜੇ ਕੋਈ ਮਨੁੱਖ ਕਿਸੇ ਜ਼ਾਤੀ ਦਾ ਹੋਵੇ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਤਾਂ ਉਹ ਪ੍ਰਮਾਤਮਾ ਦਾ ਹੀ ਰੂਪ ਬਣ ਜਾਂਦਾ ਹੈ। ਜੇ ਕਰ ਗੰਨਾਂ ਵਿੰਗ-ਤੜਿੰਗਾ ਹੈ ਤਾਂ ਉਸ ਵਿੱਚ ਰਸ ਤਾਂ ਉਹੀ ਹੈ। ਗੁਰੂ ਅਰਜਨ ਦੇਵ ਜੀ ਮਹਾਂਰਾਜ ਸੁਖਮਨੀ ਸਾਹਿਬ ਵਿੱਚ ਇਸ ਤਰ੍ਹਾਂ ਫਰਮਾਉਂਦੇ ਹਨ :-

ਸਾਧ ਕੀ ਸੋਭਾ ਸਾਧ ਬਨਿ ਆਈ।।
ਨਾਨਕ ਸਾਧ ਪ੍ਰਭ ਭੇਦੁ ਨ ਭਾਈ।। (੨੭੨)

ਫਿਰ ਅੱਗੇ ਫਰਮਾਉਂਦੇ ਹਨ ਕਿ ਬ੍ਰਹਮ-ਗਿਆਨੀ ਤੇ ਪ੍ਰਮਾਤਮਾ ਇਕ ਹੀ ਹਨ :-

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ।।
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ।। (੨੭੩)

ਜਿਵੇਂ ਪਾਣੀ ਦੀ ਬੂੰਦ ਸਮੁੰਦਰ ਵਿੱਚ ਰਲ ਕੇ ਆਪਾ ਗਵਾ ਕੇ ਸਮੁੰਦਰ ਦਾ ਹੀ ਰੂਪ ਧਾਰਨ ਕਰ ਲੈਂਦੀ ਹੈ, ਇਸ ਤਰਾਂ ਭਗਤ ਭਗਤੀ ਕਰਕੇ 'ਮੈਂ' ਨੂੰ 'ਤੂੰ' ਵਿੱਚ ਲੀਨ ਕਰਕੇ। ਇਹ ਪਵਿੱਤਰ ਬਚਨ ਸੁਣ ਕੇ ਸਾਰਿਆਂ ਦੇ ਮਨ ਪਵਿੱਤਰ ਹੋ ਗਏ। ਜਦੋਂ ਬ੍ਰਾਹਮਣ, ਖੱਤਰੀ,ਰਾਜਪੂਤ ਇਕ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਣ ਲੱਗੇ ਤਾਂ ਉਨਾਂ ਨੂੰ ਇਸ ਤਰ੍ਹਾਂ ਪ੍ਰਤੀਤ ਹੋਇਆ ਕਿ ਭਗਤ ਜੀ ਸਾਰਿਆਂ ਦੇ ਅੰਗ ਸੰਗ ਹਨ। ਭਗਤ ਜੀ ਦਸਦੇ ਹਨ ਕਿ ਪ੍ਰਮੇਸ਼ਰ ਹਰ ਇਕ ਦੇ ਅੰਦਰ ਤੇ ਨੇੜੇ ਤੋਂ ਨੇੜੇ ਹੈ।

ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਇ ਸੁ ਹੋਈ।। (੬੫੮)

ਆਤਮਾ ਮਾਇਆ ਦੇ ਬੰਧਨ ਤੋਂ ਮੁੱਕਤ ਹੋ ਕੇ ਆਨੰਦ ਅਵੱਸਥਾ ਵਿੱਚ ਪਹੁੰਚ ਜਾਂਦੀ ਹੈ। ਜਿੱਥੇ ਕਿੱਸੇ ਪ੍ਰਕਾਰ ਦੀ ਚਿੰਤਾ, ਰੋਗ ਘਬਰਾਹਟ ਨਹੀਂ ਉਥੇ ਸਦਾ ਮਾਨਸਿਕ ਟਿਕਾਓ ਹੈ। ਉਥੋਂ ਦੇ ਨਿਵਾਸੀ ਇਕੋ ਜਿਹੇ ਸ੍ਰੇਸ਼ਠ ਹਨ। ਭਗਤ ਜੀ ਤੋਂ ਕਿਸੇ ਪੁਛਿਆ ਕਿ ਆਪ ਕਿਸ ਜਗ੍ਹਾ ਰਹਿੰਦੇ ਹੋ। ਸੋ ਆਪ ਆਪਣੀ ਅਵਸਥਾ ਗਉੜੀ ਰਾਗ ਵਿੱਚ ਦਸਦੇ ਹਨ :-

ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀ ਤਿਹਿ ਠਾਉ।।

ਆਪ ਜੀ ਦੇ ੧੬ ਰਾਗਾਂ ਵਿੱਚ ੪੦ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਦਰਜ ਹਨ। ਜਿਨ੍ਹਾਂ ਦਾ ਵੇਰਵਾ ਇਉਂ ਹੈ :-

| ਰਾਗ | ਸ਼ਬਦ ਗਿਣਤੀ |
|---|---|
| ੧. ਸਿਰੀ ਰਾਗੁ | ੧ |
| ੨. ਗਉੜੀ | ੫ |
| ੩. ਆਸਾ | ੬ |
| ੪. ਗੂਜਰੀ | ੧ |
| ੫. ਸੋਰਠਿ | ੭ |
| ੬. ਧਨਾਸਰੀ | ੩ |
| ੭. ਜੈਤਸਰੀ | ੧ |
| ੮. ਸੂਹੀ | ੩ |
| ੯. ਬਿਲਾਵਲੁ | ੨ |
| ੧੦. ਗੋਂਡ | ੨ |
| ੧੧. ਰਾਮਕਲੀ | ੧ |
| ੧੨. ਮਾਰੂ | ੨ |
| ੧੩. ਕੇਦਾਰਾ | ੧ |
| ੧੪. ਭੈਰਉ | ੧ |
| ੧੫. ਬਸੰਤੁ | ੧ |
| ੧੬. ਮਲਾਰ | ੩ |
| ਜੋੜ = | ੪੦ |

ਇਸ ਬ਼ਾਣੀ ਸਦਕਾ ਹਰ ਇੱਕ ਦਾ ਸਿਰ ਆਪ ਜੀ ਦੇ ਅੱਗੇ ਝੁਕਦਾ ਹੈ।

ਕਹੁ ਨਾਨਕ ਸਚੁ ਧਿਆਈਐ।।
ਸੁਚਿ ਹੋਵੈ ਤਾ, ਸਚੁ ਪਾਈਐ।।੨।।
..........................................
ਸੂਚੇ ਏਹਿ ਨ ਆਖੀਅਹਿ,
ਬਹਨਿ ਜਿ ਪਿੰਡਾ ਧੋਇ।।
ਸੂਚੇ ਸੇਈ ਨਾਨਕਾ
ਜਿਨ ਮਨ ਵਸਿਆ ਸੋਇ।।੨।
(ਆਸਾ ਕੀ ਵਾਰ ੪੭੨)


www.AKJ.Org

# ਗੁਰੂ ਹਰਿ ਰਾਏ ਜੀ

(੧੬੩੦-੧੬੬੧ ਈ:) (ਪ੍ਰਿੰ: ਤੇਜਾ ਸਿੰਘ)

ਗੁਰੂ ਹਰਿਗੋਬਿੰਦ ਸਿੰਘ ਜੀ ਦੇ ਬਾਬਾ ਗੁਰਦਿੱਤਾ, ਸੂਰਜ ਮੱਲ, ਅਣੀ ਰਾਏ, ਬਾਬਾ ਅਟੱਲ ਅਤੇ ਤੇਗ ਬਹਾਦਰ ਜੀ, ਪੰਜ ਪੁੱਤਰ ਸਨ। ਅਟੱਲ, ਅਣੀ ਰਾਏ ਅਤੇ ਗੁਰਦਿੱਤਾ ਜੀ ਆਪਣੇ ਪਿਤਾ ਦੇ ਜਿਉਂਦਿਆਂ ਹੀ ਪੂਰੇ ਹੋ ਗਏ ਸਨ। ਸੂਰਜ ਮੱਲ ਸੰਸਾਰਕ ਮਾਮਲਿਆਂ ਵਿਚ ਲੋੜੋਂ ਵੱਧ ਖੱਚਤ ਰਹਿਣ ਵਾਲਾ ਸੀ ਤੇ ਗੁਰੂ ਤੇਗ ਬਹਾਦਰ ਜੀ ਦੁਨੀਆਵੀ ਮਾਮਲਿਆਂ ਵਿਚ ਲੋੜੀਂਦੀ ਦਿਲਚਸਪੀ ਵੀ ਨਹੀਂ ਸੀ ਲੈਂਦੇ। ਇਸ ਲਈ ਉਨ੍ਹਾਂ ਦੋਨਾਂ ਵਿਚੋਂ ਗੁਰਿਆਈ ਦੇ ਯੋਗ ਕਿਸੇ ਨੂੰ ਵੀ ਨਹੀਂ ਸੀ ਸਮਝਿਆ ਗਿਆ। ਬਾਬਾ ਗੁਰਦਿੱਤਾ ਜੀ ਦੇ ਧੀਰ ਮੱਲ ਅਤੇ (ਗੁਰੂ) ਹਰਿ ਰਾਏ ਜੀ ਦੋ ਪੁੱਤਰ ਸਨ। ਧੀਰ ਮੱਲ ਭਾਵੇਂ ਉਮਰ ਵਿਚ ਵੱਡਾ ਸੀ, ਪਰ ਉਹ ਵਫ਼ਾਦਾਰ ਨਹੀਂ ਸੀ ਅਤੇ ਵੈਰੀਆਂ ਨਾਲ ਮਿਲ ਕੇ ਸਾਜ਼ਿਸ਼ਾਂ ਕਰਦਾ ਰਹਿੰਦਾ ਸੀ। ਕੇਵਲ (ਗੁਰੂ) ਹਰਿ ਰਾਏ ਜੀ ਨੇ ਹੀ ਉਨ੍ਹਾਂ ਔਖੇ ਦਿਨਾਂ ਵਿਚ ਆਪਣੇ ਆਪ ਨੂੰ ਕੌਮ ਦੀ ਅਗਵਾਈ ਦੇ ਯੋਗ ਸਿੱਧ ਕੀਤਾ ਸੀ।

(ਗੁਰੂ) ਹਰਿ ਰਾਏ ਜੀ ਦਾ ਜਨਮ ੩੦ ਜਨਵਰੀ ੧੬੩੦ ਨੂੰ ਕੀਰਤਪੁਰ ਵਿਚ ਹੋਇਆ ਸੀ। ਸ਼ੁਰੂ ਤੋਂ ਹੀ ਉਨ੍ਹਾਂ ਨੇ ਆਪਣੇ ਅੰਦਰ ਸ਼ਕਤੀ ਅਤੇ ਕੋਮਲਤਾ ਦਾ ਇਕ ਚੰਗਾ ਮੇਲ ਦਰਸਾਇਆ ਸੀ। ਉਹ ਇਕ ਸ਼ਿਕਾਰੀ ਤਾਂ ਜ਼ਰੂਰ ਸਨ ਅਤੇ ਨਾਲ ਹੀ ਉਹ ਇਤਨੇ ਦਇਆਵਾਨ ਸਨ ਕਿ ਜਿਨ੍ਹਾਂ ਜਾਨਵਰਾਂ ਦਾ ਉਹ ਪਿੱਛਾ ਕਰਦੇ ਸਨ ਜਾਂ ਜਿਨ੍ਹਾਂ ਨੂੰ ਫੜ ਲੈਂਦੇ ਸਨ, ਉਨ੍ਹਾਂ ਨੂੰ ਮਾਰਦੇ ਨਹੀਂ ਸਨ। ਉਹ ਉਨ੍ਹਾਂ ਨੂੰ ਫੜ ਕੇ ਘਰ ਲੈ ਆਉਂਦੇ, ਉਨ੍ਹਾਂ ਨੂੰ ਲੋੜੀਂਦੀ ਖੁਰਾਕ ਦਿੰਦੇ ਅਤੇ ਆਪਣੇ ਚਿੜੀਆ-ਘਰ ਵਿਚ ਸੰਭਾਲ ਕੇ ਰੱਖਦੇ। ਉਨ੍ਹਾਂ ਦੇ ਬਚਪਨ ਸਮੇਂ ਇਕ ਦਿਨ ਜਦੋਂ ਉਹ ਬਾਗ਼ ਵਿਚੋਂ ਦੀ ਲੰਘ ਰਹੇ ਸਨ ਤਾਂ ਉਨ੍ਹਾਂ ਦੇ ਖੁਲ੍ਹੇ ਚੋਗੇ ਵਿਚ ਫਸ ਕੇ ਫੁੱਲ ਦੀਆਂ ਪੱਤੀਆਂ ਟੁੱਟ ਕੇ ਜ਼ਮੀਨ ਤੇ ਡਿੱਗ ਪਈਆਂ। ਇਹ ਦ੍ਰਿਸ਼ ਉਹ ਝੱਲ ਨਾ ਸਕੇ ਅਤੇ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਬਾਬਾ ਫ਼ਰੀਦ ਜੀ ਦੀਆਂ ਇਹ ਪੰਗਤੀਆਂ ਬੜੇ ਸ਼ੌਕ ਨਾਲ ਗਾਇਆ ਕਰਦੇ ਸਨ :

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ।।
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ।।
(ਪੰਨਾ-੧੩੮੪)

(ਭਾਵ ਸਭਨਾਂ ਦੇ ਦਿਲ ਅਮੋਲਕ ਹਨ। ਜੇ ਤੈਨੂੰ (ਮਨੁੱਖ ਨੂੰ) ਰੱਬ ਨੂੰ ਮਿਲਣ ਦੀ ਇੱਛਾ ਹੈ ਤਾਂ ਕਿਸੇ ਦਾ ਦਿਲ ਨਾ ਦੁਖਾਈਂ।)

ਉਨ੍ਹਾਂ ਕਿਹਾ, "ਮੰਦਰ ਜਾਂ ਮਸੀਤ ਦੀ ਮੁਰੰਮਤ ਹੋ ਸਕਦੀ ਹੈ ਜਾਂ ਮੁੜ ਬਣਾਏ ਜਾ ਸਕਦੇ ਹਨ ਪਰ ਟੁੱਟਾ ਹੋਇਆ ਦਿਲ ਮੁਰੰਮਤ ਨਹੀਂ ਹੋ ਸਕਦਾ।" ਉਹ ਦਰਸ਼ਨ ਲਈ ਆਉਣ ਵਾਲੇ ਸਿੱਖਾਂ ਨੂੰ ਸਦਾ ਇਹੋ ਹੀ ਪੁਛਦੇ ਕਿ ਕੀ ਉਹ ਲੰਗਰ ਚਲਾਉਂਦੇ ਸਨ ਅਤੇ ਭੋਜਨ ਵੰਡ ਕੇ ਛਕਦੇ ਸਨ। ਦੂਜਿਆਂ ਦਾ ਭਲਾ ਕਰਨ ਦੀ ਗੱਲ 'ਤੇ ਉਹ ਸਭ ਗੱਲਾਂ ਨਾਲੋਂ ਵੱਧ ਖੁਸ਼ ਹੁੰਦੇ ਸਨ।

ਇਹ ਸਾਰਾ ਕੁਝ ਹੁੰਦਿਆਂ ਹੋਇਆਂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਹਰਿ ਰਾਏ ਜੀ ਇਕ ਸਿਪਾਹੀ ਸਨ। ਉਨ੍ਹਾਂ ਨੇ ੨੨੦੦ ਘੋੜਸਵਾਰ ਸੈਨਿਕ ਆਪਣੇ ਪਾਸ ਰੱਖੇ, ਜਿਨ੍ਹਾਂ ਨੂੰ ਲੋੜ ਪੈਣ 'ਤੇ ਇਕ ਦਮ ਵਰਤਿਆ ਜਾ ਸਕਦਾ ਸੀ ਪਰ ਗੁਰੂ ਜੀ ਅਮਨ ਦੀ ਨੀਤੀ ਉੱਤੇ ਚੱਲਣ ਲਈ ਦ੍ਰਿੜ ਸਨ। ਜਦੋਂ ਸ਼ਾਹ ਜਹਾਨ ਦੇ ਪੁੱਤਰ ਦਿੱਲੀ ਦੇ ਤਖ਼ਤ ਲਈ ਲੜ ਰਹੇ ਸਨ ਤਾਂ ਗੁਰੂ ਜੀ ਨੇ ਆਪਣੀ ਸੈਨਾ ਨੂੰ ਮੈਦਾਨ ਵਿਚ ਲਿਆਉਣ ਲਈ ਮਜਬੂਰ ਹੋ ਗਏ ਪਰ ਉਨ੍ਹਾਂ ਇਸ ਗੱਲ ਦਾ ਖਿਆਲ ਰੱਖਿਆ ਕਿ ਖ਼ੂਨ ਖ਼ਰਾਬਾ ਨਾ ਕੀਤਾ ਜਾਵੇ। ਦਾਰਾ ਸ਼ਿਕੋਹ ਬਹੁਤ ਸਾਰੇ ਹੋਰ ਸੂਫ਼ੀਆਂ ਦੀ ਤਰ੍ਹਾਂ ਸਿੱਖ ਮਤ ਦਾ ਪ੍ਰਸੰਸਕ ਸੀ ਅਤੇ ਜਾਪਦਾ ਹੈ ਕਿ ਗੁਰੂ ਜੀ ਪ੍ਰਤੀ ਉਸ ਦੇ ਦਿਲ ਅੰਦਰ ਸਤਿਕਾਰ ਸੀ। ਉਨ੍ਹਾਂ ਨੇ ਇਕ ਵਾਰ ਉਸ ਨੂੰ ਦੁਰਲੱਭ ਦਵਾਈ ਭੇਜ ਕੇ ਉਸ ਦੀ ਜਾਨ ਬਚਾਈ ਸੀ। ਔਰੰਗਜ਼ੇਬ ਦੀ ਫ਼ੌਜ ਦੇ ਅੱਗੇ-ਅੱਗੇ ਭੱਜਾ ਹੋਇਆ ਦਾਰਾ ਗੋਇੰਦਵਾਲ ਪੁੱਜਾ ਅਤੇ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਫੜੇ ਜਾਣ ਤੋਂ ਬਚਾਉਣ। ਗੁਰੂ ਜੀ ਨੇ ਪਿੱਛਾ ਕਰ ਰਹੀ ਮੁਗ਼ਲ ਫ਼ੌਜ ਦੇ ਵਿਰੁੱਧ ਦਰਿਆ ਬਿਆਸ ਦਾ ਰਾਹ ਰੋਕਣ ਲਈ ਆਪਣੇ ਆਦਮੀ ਭੇਜੇ ਤਾਂ ਜੋ ਸ਼ਰਨਾਰਥੀ ਸ਼ਹਿਜ਼ਾਦਾ ਬਚ ਨਿਕਲਣ ਵਿਚ ਸਫਲ ਹੋ ਜਾਏ।

ਔਰੰਗਜ਼ੇਬ ਨੂੰ ਇਹ ਗੱਲ ਨਹੀਂ ਭੁੱਲੀ। ਤਖ਼ਤ ਉੱਤੇ ਬੈਠਦਿਆਂ ਹੀ ਉਸ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਹਾਜ਼ਰ ਹੋਣ ਲਈ ਬੁਲਾਵਾ ਭੇਜਿਆ। ਗੁਰੂ ਜੀ ਆਪ ਨਹੀਂ ਗਏ। ਉਨ੍ਹਾਂ ਨੇ ਆਪਣੇ ਪੁੱਤਰ ਰਾਮ ਰਾਏ ਨੂੰ ਭੇਜਿਆ। ਔਰੰਗਜ਼ੇਬ ਇਸ ਗੱਲ ਦੀ ਤਸੱਲੀ ਕਰਨਾ ਚਾਹੁੰਦਾ ਸੀ ਕਿ ਸਿੱਖ ਮਤ ਵਿਚ ਇਸਲਾਮ ਦੇ ਵਿਰੁੱਧ ਤਾਂ ਕੋਈ ਗੱਲ ਨਹੀਂ ਹੈ। ਬਾਦਸ਼ਾਹ ਨੇ ਰਾਮ ਰਾਏ ਨੂੰ



www.AKJ.Org

# ਸਤਿਗੁਰ ਨਾਨਕ ਦੇਵ ਜੀ ਦੀ ਅੱਤ ਉੱਚੀ ਵਡਿਆਈ

= ਪ੍ਰਿੰ: ਸੱਜਣ ਸਿੰਘ

ਸੁਤੰਤਰ ਤੇ ਨਿਰਲੇਪ ਹਸਤੀ ਸਭ ਬੰਧਨਾਂ ਤੋਂ ਮੁਕਤ ਹੁੰਦੀ ਹੈ। ਉਹ ਆਪਣੀ ਵਡਿਆਈ ਦੀ ਵੀ ਮੁਹਤਾਜ ਨਹੀਂ। ਭਲਾ ਸੂਰਜ ਦੀ ਰੌਸ਼ਨੀ ਨੂੰ ਮਿੱਟੀ ਦੇ ਦੀਵੇ ਦੀ ਪ੍ਰਸੰਸਾ ਦੀ ਚਾਹ ਹੈ ! ਸਤਿਗੁਰੂ ਨਾਨਕ ਦੇਵ ਜੀ ਸੂਰਜਾਂ ਦੇ ਸੂਰਜ ਹਨ। ਕ੍ਰੋੜਾਂ ਸੂਰਜ ਸਤਿਗੁਰੂ ਜੀ ਦੀ ਆਭਾ ਤੋਂ ਬਲਿਹਾਰ ਜਾਂਦੇ ਹਨ। ਉਹ ਤਾਂ ਰੱਬੀ ਗੁਣਾਂ ਦੇ ਭੰਡਾਰ ਹਨ। *"ਗੁਨ ਗਨ ਉਦਾਰ।। ਮਹਿਮਾ ਅਪਾਰ।।"* ਇੰਨ ਬਿੰਨ ਹਜ਼ੂਰ ਦੀ ਸ਼ਖਸ਼ੀਅਤ ਤੇ ਘਟਦਾ ਹੈ। ਜਿਸ ਪਾਵਨ ਰਿਦੈ ਵਿੱਚ ਅਕਾਲੀ ਜੋਤਿ ਦਾ ਪ੍ਰਕਾਸ਼ ਤੇ ਦੈਵੀ ਗੁਣਾਂ ਦਾ ਨਿਵਾਸ ਹੋਵੇ, ਉਸ ਨੂੰ ਖਾਕੀ ਬੰਦੇ ਦੀ ਸੀਮਤ ਬੁੱਧੀ ਛੂਹ ਨਹੀਂ ਸਕਦੀ ਭਾਵੇਂ ਕਿੰਨੀਆਂ ਵੀ ਉਡਾਰੀਆਂ ਮਾਰ ਲਵੇ।

ਸਮੱਸਤ ਗੁਰੂ ਸਾਹਿਬਾਨ ਦੀ ਬਾਣੀ ਦਾ ਮੁੱਖ ਵਿਸ਼ਾ ਅਕਾਲ ਪੁਰਖ ਦੀ ਸਿਫਤਿ ਸਾਲਾਹ ਤੇ ਨਾਮ ਦੀ ਵਡਿਆਈ ਹੈ, ਫਿਰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਹੋਣੀ ਸੁਭਾਵਕ ਹੈ। ਪੰਚਮ ਪਾਤਸ਼ਾਹ ਜੀ ਨੇ ਆਪਣੇ ਸਵੱਯਾਂ ਵਿੱਚ ਗੁਰਦੇਵ ਜੀ ਨੂੰ ਐਸੇ ਚਰਾਗ ਨਾਲ ਤਸ਼ਬੀਹ ਦਿੱਤੀ ਹੈ, ਜਿਸ ਨੇ ਨਾ ਕੇਵਲ ਸਗਲ ਜਗਤ ਦੇ ਤਿਮਰ ਅਗਿਆਨ ਨੂੰ ਦੂਰ ਕੀਤਾ ਹੈ ਬਲਕਿ ਇਸ ਵਿਆਪਕ ਰੌਸ਼ਨੀ ਨੇ ਹਜ਼ੂਰ ਦੀ ਅਜ਼ਮਤ ਨੂੰ ਸਾਰੇ ਭਵਨਾਂ ਵਿੱਚ ਜ਼ਾਹਰਾ ਰੂਪ ਵਿੱਚ ਉਜਾਗਰ ਕੀਤਾ ਹੈ।

ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ<br>
ਕਲਿ ਉਧਰੀ ਇਕ ਨਾਮ ਧਰਮ।।<br>
ਪ੍ਰਗਟੁ ਸਗਲ ਹਰਿ ਭਵਨ ਮਹਿ<br>
ਜਨੁ ਨਾਨਕੁ ਗੁਰੁ ਪਾਰਬ੍ਰਹਮ।।੯।।

(ਸਵੱਯੇ ਸ੍ਰੀ ਮੁਖ ਬਾਕ੍ਯ ਮਹਲਾ ੫ – ੧੩੮੭)

ਭਗਤਾਂ ਤੇ ਭੱਟਾਂ ਦੇ ਅਮੋਲਕ ਬਚਨ, ਇੱਕੋ ਸਿੱਕੇ ਦੇ ਦੋਨੋਂ ਪਾਸੇ ਹਨ। ਜੇ ਭਗਤਾਂ ਨੇ ਅਕਾਲ ਪੁਰਖ ਦੇ ਨਿਰਗੁਨ ਸਰੂਪ ਦੀ ਉਸਤਤਿ ਕੀਤੀ ਹੈ ਤਾਂ ਭੱਟਾਂ ਨੇ ਸਰਗੁਨ ਸਰੂਪ ਦੇ ਗੁਣ ਗਾਏ ਹਨ। ਪਰ ਇੱਕ ਬਹੁਤ ਖੂਬਸੂਰਤ ਫਰਕ ਦੇਖਣ ਵਿੱਚ ਆਉਂਦਾ ਹੈ ਕਿ ਜੀਵਤ ਪੁਰਸ਼ਾਂ (ਜਿਵੇਂ ਕਿ ਭੱਟ ਸੱਤਾ, ਬਲਵੰਡ) ਦੁਆਰਾ ਕੀਤੀ ਗਈ ਗੁਰ ਵਿਅਕਤੀਆਂ ਦੀ ਵਡਿਆਈ ਨੂੰ ਪਰਵਾਨ ਕਰਕੇ ਤੇ ਰਸਨਾਂ ਦੀ ਪਾਵਨ ਛੁਹ ਦੁਆਰਾ ਗੁਰਬਾਣੀ ਦਾ ਅੰਗ ਬਣਾਇਆ ਪਰ ਪਾਰਬ੍ਰਹਮ ਦੀ ਉਸਤਤਿ, ਉਨ੍ਹਾਂ ਭਗਤਾਂ ਦੀ ਪਰਵਾਨ ਹੋਈ ਜਿਹੜੇ ਅੰਤਮ ਸਮੇਂ, ਆਪਣਾ ਉੱਜਲਾ ਮੁੱਖ ਲੈ ਕੇ ਸੱਚੀ ਦਰਗਾਹ ਵਿੱਚ ਪਹੁੰਚ ਚੁੱਕੇ ਸਨ।

ਗੁਰਬਾਣੀ ਦੇ ਸੰਦਰਭ ਵਿੱਚ ਭੱਟ, ਭਗਤ ਨਹੀਂ ਸਨ, ਗੁਰੂ ਨਾਨਕ ਘਰ ਦੇ ਢਾਡੀ ਸਨ। ਉਨ੍ਹਾਂ ਨੂੰ ਐਸੇ ਮਹਾਨ ਪੁਰਖਾਂ ਦੀ ਤਲਾਸ਼ ਸੀ, ਜਿਹੜੇ ਪ੍ਰਭੂ ਨਾਲ ਜੁੜੇ ਹੋਏ ਹੋਣ ਤੇ ਵਿਛੜਿਆਂ ਨੂੰ ਜੋੜਨ ਦੀ ਸਮਰੱਥਾ ਰੱਖਦੇ ਹੋਣ, ਜਿਹੜੇ ਬਾਚਾ, ਮਨਸਾ, ਕਰਮਨਾ ਵਿੱਚ ਇੱਕ ਸੁਰ ਹੋਣ। ਭੱਟ, ਆਪਣੇ ਬਚਨਾ ਅਨੁਸਾਰ ਇੱਕ ਸਾਲ ਭਰ ਥਾਂ ਥਾਂ ਫਿਰਦੇ ਰਹੇ, ਪਰ ਕਿਸੇ ਨੇ ਉਨ੍ਹਾਂ ਦੀ ਤਸੱਲੀ ਨਹੀਂ ਕੀਤੀ।

ਬਰਸੁ ਏਕੁ ਹਉ ਫਿਰਿਓ<br>
ਕਿਨੈ ਨਹੁ ਪਰਚਉ ਲਾਯਉ।।<br>
ਕਹਤਿਅਹ ਕਹਤੀ ਸੁਣੀ<br>
ਰਹਤ ਕੋ ਖੁਸੀ ਨ ਆਯਉ।।<br>
ਹਰਿ ਨਾਮੁ ਛੋਡਿ ਦੂਜੈ ਲਗੇ,<br>
ਤਿਨ ਕੇ ਗੁਣ ਹਉ ਕਿਆ ਕਹਉ।।<br>
ਗੁਰ, ਦਯਿ ਮਿਲਾਯਉ ਭਿਖਿਆ<br>
ਜਿਵ ਤੂ ਰਖਹਿ ਤਿਵ ਰਹਉ।।੨।।੨੦।।

(ਭੱਟਾਂ ਦੇ ਸਵਈਏ (੧੩੯੫–੯੬)

ਭੱਟ ਸਧਾਰਨ ਮਨੁੱਖ ਨਹੀਂ ਸਨ। ਅਨੇਕ ਸੰਤਾਂ, ਮਹਾਂਪੁਰਖਾਂ, ਤਪੱਸਵੀਆਂ ਤੇ ਯੋਗੀਆਂ ਦੀ ਸੰਗਤ ਨੇ ਉਨ੍ਹਾਂ ਦੀ ਪਾਰਖੂ ਦ੍ਰਿਸ਼ਟੀ ਵਿੱਚ ਤੇਜ ਤੇ ਤੀਬਰਤਾ ਭਰ ਦਿੱਤੀ ਸੀ। ਵਿਦਵਾਨ ਵੀ ਚੋਟੀ ਦੇ ਸਨ। ਉਨ੍ਹਾਂ ਵਾਸਤੇ ਦਿਖਾਵੇ, ਪਖੰਡ ਤੇ ਖੋਖਲੇਪਨ ਦੀ ਪਛਾਣ ਕਰਨੀ ਔਖੀ ਨਹੀਂ ਸੀ। ਇਸੇ ਕਰਕੇ ਕਸੌਟੀ ਤੇ ਪੂਰੇ ਨਾ ਉਤਰਨ ਵਾਲਿਆਂ ਦੀ ਪ੍ਰਸੰਸਾ ਕਰਨ ਲਈ ਉਨ੍ਹਾਂ ਦਾ ਮਨ ਨਹੀਂ ਮੰਨਿਆ।

ਜਿਉ ਪਿਆਸੇ ਜੀਵ ਨੂੰ ਉਦਿਆਨ ਵਿੱਚ ਪਾਣੀ ਦਾ ਚਸ਼ਮਾ ਮਿਲ ਜਾਇ, ਜਿਉ ਭੁੱਲੇ ਭਟਕੇ ਮੁਸਾਫ਼ਰ ਨੂੰ ਰਾਤ ਦੇ ਅੰਧਕਾਰ ਵਿੱਚ ਬਲਦਾ ਚਰਾਗ ਮਿਲ ਜਾਇ, ਤਿਉਂ ਭੱਟਾਂ ਦੇ ਸੰਗ ਨੂੰ ਨਿਰਮਲ ਅੰਮ੍ਰਿਤ ਨਾਮ ਜਲ ਦਾ ਸਰੋਵਰ ਮਿਲਿਆ ਤੇ ਨਾਲ ਹੀ ਅੰਧਕਾਰ ਭਰੇ ਜੀਵਨ ਵਿੱਚ ਗਿਆਨ ਦਾ ਚਾਨਣ ਜਗਮਗਾਉਣ ਲੱਗਾ। ਉਨ੍ਹਾਂ ਦਾ ਭਾਂਡਾ ਬਖਸ਼ਸ਼ ਨਾਲ ਏਨਾ ਲਬਰੇਜ਼ ਹੋ ਗਿਆ ਕਿ ਗੁਰੂ ਸਾਹਿਬਾਨ ਦੀ ਉਸਤਤਿ ਵਿੱਚ ਸਵੱਈਆਂ ਦਾ ਪਰਵਾਹ ਆਪ ਮੁਹਾਰਾ ਚੱਲ ਪਿਆ।



www.AKJ.Org

ਸਾਰੇ ਭੱਟਾਂ ਦਾ ਜਥੇਦਾਰ, ਕਲ ਜਾਂ ਕਲਸਹਾਰ ਸੀ। ਜਜ਼ਬਾਤੀ ਹੁੰਦਿਆਂ ਵੀ ਉਸ ਨੇ ਆਪਣੀ ਵਿੱਧੀ ਨੂੰ ਬਰਕਰਾਰ ਰੱਖਿਆ। ਸਤਿਗੁਰੂ ਦੀ ਉਸਤਤਿ ਕਰਨ ਤੋਂ ਪਹਿਲਾਂ ਅਕਾਲ ਪੁਰਖ ਦੀ ਬਖਸ਼ਸ਼ ਤੇ ਅਸ਼ੀਰਵਾਦ ਦੀ ਓਟ ਲਈ, ਭੈ ਭਾਵਨੀ ਦੀ ਬਿਰਤੀ ਰੱਖਦਿਆਂ, ਅੱਤ ਕਥਨੀ ਨੂੰ ਆਪਣੇ ਨਿਕਟ ਫਟਕਣ ਨਹੀਂ ਦਿੱਤਾ। ਸਵੱਈਆ ਦੀ ਆਰੰਭਤਾ ਵਾਚਨ-ਯੋਗ ਹੈ।

ਇਕ ਮਨਿ ਪੁਰਖੁ ਧਿਆਇ ਬਰਦਾਤਾ।।
ਸੰਤ ਸਹਾਰੁ ਸਦਾ ਬਿਖਿਆਤਾ।।
ਤਾਸੁ ਚਰਨ ਲੇ ਰਿਦੈ ਬਸਾਵਉ।।
ਤਉ ਪਰਮ ਗੁਰੂ ਨਾਨਕ ਗੁਨ ਗਾਵਉ।। (੧੩੮੯)

ਸਮੁੱਚੇ ਤੌਰ ਤੇ ਭੱਟਾਂ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਦਾ ਪ੍ਰਤੱਖ ਰੂਪ ਬਖਾਨਿਆ।

ਪੰਚਮ ਪਾਤਸ਼ਾਹ ਨੇ ਭੱਟਾਂ ਦੇ ਸਵੱਈਆਂ ਨੂੰ ਗੁਰਬਾਣੀ ਦਾ ਰੂਪ ਦੇ ਕੇ ਸਾਡੇ ਤੇ ਉਹ ਕ੍ਰਿਪਾ ਕੀਤੀ ਹੈ ਜਿਸ ਦਾ ਅੰਦਾਜ਼ਾ ਲਾਉਣਾ ਕਠਨ ਹੈ। ਸ਼ੰਕਾਵਾਦੀਆਂ ਦੇ ਮਨ ਵਿੱਚ ਭੁਲੇਖਾ ਹੋਵੇਗਾ ਕਿ ਗੁਰੂ ਸਾਹਿਬ ਨੇ ਆਪਣੀ ਉਸਤਤਿ ਆਪ ਕਰਵਾਈ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚੜ੍ਹਵਾਈ ਹੈ। ਇਕ ਪਹਿਲੀ ਕਲਾਸ ਦੇ ਵਿਦਿਆਥੀ ਨੇ ਕਾਲਜ ਦੇ ਪ੍ਰੋਫੈਸਰ ਦੀ ਕੀ ਵਡਿਆਈ ਕਰਨੀ ਹੈ ? ਪ੍ਰੋਫੈਸਰ ਦੇ ਬੱਚੇ ਆਪਣੇ ਪਿਤਾ ਦੀ ਵਡਿਆਈ ਸੁਣ ਕੇ ਖੁਸ਼ ਤਾਂ ਹੋ ਸਕਦੇ ਹਨ ਪਰ ਖੁਸ਼ੀ ਵਿੱਚ ਆਪੇ ਤੋਂ ਬਾਹਰ ਹੋਣ ਦੀ ਤਾਂ ਕੋਈ ਗੱਲ ਨਹੀਂ। ਨਾਨਕ ਨਿਰੰਕਾਰੀ ਦੀ ਵਡਿਆਈ ਤਾਂ ਕਿਸੀ ਤੁੱਲਨਾ ਤੋਂ ਵੀ ਬਹੁਤ ਉਚੀ ਹੈ। ਆਸਤਕ ਤੇ ਨਾਸਤਕ ਦੀ ਬਾਹਰੋਂ ਕੋਈ ਪਛਾਣ ਨਹੀਂ, ਉਨ੍ਹਾਂ ਦੀ ਸੋਚਣੀ ਤੋਂ ਹੀ ਅਸਲੀਅਤ ਦਾ ਪਤਾ ਚਲਦਾ ਹੈ। ਗੁਰਸਿੱਖ ਦੀ ਰੂਹ ਦੀ ਖੁਰਾਕ ਗੁਰਬਾਣੀ ਤੇ ਗੁਰਮੰਤਰ ਤਾਂ ਹੈ ਹੀ, ਇਸਦੇ ਇਲਾਵਾ ਸਤਿਗੁਰ ਦੀ ਵਡਿਆਈ ਦੀ ਪਿਆਸੀ ਹੈ। ਗੁਰਵਾਕ ਹੈ-

ਗੁਰਸਿਖਾ ਕੈ ਮਨਿ ਭਾਵਦੀ
ਗੁਰ ਸਤਿਗੁਰ ਕੀ ਵਡਿਆਈ।। (ਪੰਨਾ ੩੧੦)

ਜੇ ਹੁਣ ਵੀ ਗੁਰਸਿਖ ਨੂੰ ਗੀਤਾਂ ਦੁਆਰਾ ਜਾਂ ਕੱਚੀ ਬਾਣੀ ਦੁਆਰਾ ਗੁਰੂ ਜੀ ਦੀ ਵਡਿਆਈ ਗਾਉਣ ਜਾਂ ਸੁਨਣ ਦੀ ਚਾਹ ਹੈ ਤਾਂ ਇਹ ਸ਼ਗਨ ਨਹੀਂ, ਅਪਸ਼ਗਨ ਹੈ।

ਇਸ ਵਿੱਚ ਸ਼ੱਕ ਨਹੀਂ ਕਿ ਹਰਮੰਦਰ ਸਾਹਿਬ ਤੋਂ ਅੰਮ੍ਰਿਤ ਵੇਲੇ ਸਵੱਈਆਂ ਦੇ ਸ੍ਰਵਨ ਕਰਨ ਤੋਂ ਜਿਹੜਾ ਰਸ ਤੇ ਆਨੰਦ ਪ੍ਰਾਪਤ ਹੁੰਦਾ ਹੈ ਉਹ ਆਪਣੀ ਹੀ ਕਿਸਮ ਦਾ ਹੈ। ਇਸ ਰਸ ਤੋਂ ਵੰਚਿਤ ਰੱਖਣਾ ਸ਼ਾਇਦ ਗੁਰੂ ਸਾਹਿਬ ਨੂੰ ਨਹੀਂ ਭਾਉਂਦਾ ਸੀ।

ਅਸੀਂ ਭੱਟਾਂ ਦੀ ਰੀਸ ਨਹੀਂ ਕਰ ਸਕਦੇ। ਉਨ੍ਹਾਂ ਨੇ ਸਤਿਗੁਰੂ ਜੀ ਦੇ ਰੱਬੀ ਗੁਣ ਤੱਕੇ ਤੇ ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਗੁਰਦੇਵ ਜੀ ਗੰਭੀਰ, ਧੀਰ, ਮਤਿ ਸਾਗਰ, ਰਾਜ ਜੋਗੀ, ਨਾਮ ਰਸਿਕ, ਨਾਮ ਦਾ ਦਾਤਾ, ਹਰਿ ਰਸ ਪੂਰਨ ਸਰਬ ਕਲਾ ਹਨ ਜਦ ਕਿ ਅਸੀਂ ਹਜ਼ੂਰ ਦੀਆਂ ਸਾਖੀਆਂ ਸੁਣ ਕੇ, ਕੇਵਲ ਕਰਨੀ ਨੂੰ ਮੁੱਖ ਰੱਖ ਕੇ ਗੁਣ ਗਾਉਂਦੇ ਹਾਂ। ਭੱਟਾਂ ਦੇ ਨੇਤ੍ਰਾਂ ਨੂੰ ਸਾਕਸ਼ਾਤ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਜਦ ਕਿ ਅਸੀਂ ਸੁਣੀਆਂ ਸੁਣਾਈਆਂ ਗੱਲਾਂ ਤੇ ਨਿਰਭਰ ਹਾਂ। ਭੱਟਾਂ ਨੂੰ ਪੰਚਮ ਪਾਤਸ਼ਾਹ ਦੀ ਪਾਰਸ ਛੁਹ ਨਸੀਬ ਹੋਈ ਜਦ ਕਿ ਸਾਨੂੰ ਨਾਮ ਧਾਰੀਕ ਵਿਦਵਾਨਾਂ ਦੇ ਵਿਚਾਰ ਪ੍ਰਾਪਤ ਹਨ।

ਭਾਈ ਨੰਦ ਲਾਲ ਨੂੰ ਔਰੰਗਜ਼ੇਬ ਦੇ ਕੱਟੜ ਵਿਚਾਰਾਂ ਕਾਰਣ ਰਾਜ ਦਰਬਾਰ ਛੱਡ ਕੇ ਦਸਮੇਸ਼ ਪਿਤਾ ਦੀ ਸ਼ਰਣ ਲੈਣੀ ਪਈ। ਉਹ ਵਿਦਵਾਨ ਸੀ, ਮੁਤਅੱਸਬੀ ਨਹੀਂ। ਉਸ ਦੀ ਪਰਖਣ ਦੀ ਕਸੌਟੀ ਵਿੱਚ ਨਿਮਰਤਾ ਭਰੀ ਸੂਝ ਬੂਝ ਸੀ, ਹੰਕਾਰ ਤੇ ਪ੍ਰੀਖਿਆ ਨਹੀਂ। ਦਸਮੇਸ਼ ਪਿਤਾ ਦੇ ਦਰਸ਼ਨ ਤੇ ਸੰਗਤ ਦੇ ਸਪਰਸ਼ ਨੇ ਉਸ ਦੇ ਜੀਵਨ ਵਿੱਚ ਅਜਿਹਾ ਪ੍ਰੀਵਰਤਨ ਲਿਆਂਦਾ ਕਿ ਉਸ ਦਾ ਹਿਰਦਾ ਪਿਆਰ, ਸੇਵਾ ਤੇ ਕੁਰਬਾਨੀ ਨਾਲ ਸੁਲੱਖਣਾ ਬਣ ਗਿਆ। ਗੁਰੂ ਨਾਨਕ ਘਰ ਦੀ ਵਡਿਆਈ ਉਸ ਦੇ ਮਨ ਨੂੰ ਭਾ ਗਈ ਤੇ ਹਿਰਦੇ ਵਿੱਚ ਸਮਾ ਗਈ।

ਜਿ ਪੇਸ਼ੀਨੀਆ ਪੇਸ਼ਤਰ ਆਮਦਹ।।
ਬਕਦਰ ਅਜ਼ ਹਮਹ ਬੇਸ਼ਤਰ ਆਮਦਹ।।੧੦।।
(ਸ੍ਰੀ ਜੋਤ ਬਿਗਾਸ)

ਭਾਈ ਨੰਦ ਲਾਲ ਦੇ ਬਚਨਾਂ ਅਨੁਸਾਰ ਪਹਿਲ਼ਾਂ ਵੀ ਬਹੁਤ ਮਹਾਂ ਪੁਰਖ ਆਏ ਪਰ ਜਿੱਥੇ ਮਾਣ ਤੇ ਵਡਿਆਈ ਦਾ ਸਵਾਲ ਹੈ, ਉਥੇ ਗੁਰੂ ਨਾਨਕ ਜੀ ਦੀ ਸ਼ੋਭਾ ਤੇ ਕਦਰ ਸਭ ਤੋਂ ਵਧੀਕ ਹੈ।

ਸਤਿਗੁਰੂ ਨਾਨਕ ਦੇਵ ਜੀ ਦੇ ਅਕਾਲੀ ਨੂਰ ਨੇ ਤਾਂ ਅਕਾਲ ਪੁਰਖ ਨੂੰ ਵੀ ਮੋਹ ਲਿਆ। ਪ੍ਰਭੂ ਆਪ ਹੀ ਬਖਸ਼ਸ਼ ਕਰਕੇ ਬਲਿਹਾਰ ਹੋ ਗਿਆ। ਭਾਈ ਸਾਹਿਬ ਕਹਿੰਦੇ ਹਨ ਕਿ ਜਿਸ ਗੁਰਦੇਵ ਜੀ ਦੀਆਂ ਸਿਫਤਾਂ ਪ੍ਰਭੂ ਆਪ ਕਰੇ, ਉਥੇ ਮੈਂ ਨਾਚੀਜ਼ ਕਿਵੇਂ ਵਡਿਆਈ ਕਰ ਸਕਦਾ ਹਾਂ।


www.AKJ.Org

ਹੱਕ ਤੂੰ ਖੁਦ ਵਾਸਿਫਸ਼ ਚਿ ਗੋਇਮ ਮਨ।।
ਦਰ ਰਾਹਿ ਵਸਫਿਓ ਚਿਹ ਪੋਇਮ ਮਨ।। ੧੬।।

ਭੱਟਾਂ ਦੀ ਸੂਖਮ ਦੂਰ ਦ੍ਰਿਸ਼ਟੀ ਦਾ ਘੇਰਾ ਏਨਾ ਵਿਸ਼ਾਲ ਸੀ ਕਿ ਉਨ੍ਹਾਂ ਦੇ ਘੇਰੇ ਵਿੱਚ ਵਰਤਮਾਨ ਤੇ ਭੂਤਕਾਲ ਦੇ ਸੰਤ ਭਗਤ, ਜੋਗੀ ਜੰਗਮ, ਰਿਸ਼ੀ ਮੁਨੀ ਆਦਿਕ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦੇ ਦਿਖਾਈ ਦਿੰਦੇ ਸਨ।

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ
ਦੁਰਤ ਨਿਵਾਰਣ ਸਬਦ ਸਰੇ।।
ਗਾਵਹਿ ਗੰਭੀਰ ਧੀਰ ਮਤਿ ਸਾਗਰ
ਜੋਗੀ ਜੰਗਮ ਧਿਆਨੁ ਧਰੇ।। (੧੩੮੯)

ਅਰਥਾਤ ਮੈਂ ਉਸ ਪਰਮ ਗੁਰੂ ਨਾਨਕ ਦੇ ਗੁਨ ਗਾਉਂਦਾ ਹਾਂ ਜਿਹੜੇ ਸੁੱਖਾਂ ਦੇ ਸਾਗਰ ਹਨ, ਪਾਪਾਂ ਨੂੰ ਦੂਰ ਕਰਨ ਵਾਲੇ ਤੇ ਬਾਣੀ ਦੇ ਸੋਮੇ ਹਨ। ਜੋਗੀ ਜੰਗਮ ਉਸੇ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰ ਕੇ ਗਾਉਂਦੇ ਹਨ ਜਿਹੜੇ ਗੰਭੀਰ ਤੇ ਧੀਰਜਵਾਨ ਹਨ, ਉੱਚੀ ਮੱਤ ਦੇ ਸਮੁੰਦਰ ਹਨ। ਭੱਟਾਂ ਨੇ ਇਸ ਦੇ ਇਲਾਵਾ ਇੰਦ੍ਰਆਦ, ਭਗਤ ਪ੍ਰਹਿਲਾਦ, ਰਿਸ਼ੀ ਧੋਮ, ਕਪਿਲ, ਸੁਖਦੇਵ, ਪਰੀਖਤ ਤੇ ਗੋਤਮ ਨੂੰ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦੇ ਦਿਖਾਇਆ ਹੈ।

ਦ੍ਰਿਸ਼ਟਮਾਨ ਸੰਸਾਰ ਵਿੱਚ ਰਾਜਾ, ਬਾਦਸ਼ਾਹ ਜਾਂ ਪਰਧਾਨ ਦਾ ਰੁਤਬਾ ਬਹੁਤ ਉੱਚਾ ਗਿਣਿਆ ਜਾਂਦਾ ਹੈ। ਇਹ ਪਰੰਪਰਾ ਅਧਿਆਤਮਕ ਖੇਤਰ ਵਿੱਚ ਭੀ ਪ੍ਰਚੱਲਤ ਹੈ। ਜੇ ਗੁਰੂ ਨਾਨਕ ਦੇਵ ਜੀ ਨੂੰ ਰਾਜ ਜੋਗੀ ਆਖਿਆ ਜਾਂਦਾ ਹੈ ਤਾਂ ਇਸ ਦਾ ਇਹ ਭਾਵ ਹੈ ਕਿ ਗੁਰੂ ਨਾਨਕ ਦੇਵ ਜੀ ਰਾਜਾ ਤੇ ਜਨਕ (ਪ੍ਰਭੂ ਨਾਲ ਜੁੜਿਆ ਜੋਗੀ) ਹਨ। ਗੁਰਦੇਵ ਜੀ ਕੋਲ ਲੋਕ, ਪਰਲੋਕ ਦੋਹਾਂ ਦੀ ਬਾਦਸ਼ਾਹੀ ਹੈ, ਸਹੀ ਅਰਥਾਂ ਵਿੱਚ ਡਿੱਗਿਆ ਹੋਇਆਂ ਨੂੰ ਉੱਚਾ ਰੁਤਬਾ ਦੇਣ ਤੇ ਇਲਾਹੀ ਬਖਸ਼ਸ਼ ਦੇਣ ਦੀ ਸਮਰਥਾ ਹੈ। ਇਸ ਰਾਜ ਦੀ, ਅਬਿਚਲ ਰਾਜ ਦੀ ਵਿਸ਼ੇਸ਼ਤਾ ਅਨੋਖੀ ਹੈ।

ਦੁਨੀਆਂ ਦੀਆਂ ਸਾਰੀਆਂ ਬਾਦਸ਼ਾਹੀਆਂ ਦਾ ਆਧਾਰ ਲੋਭ, ਹਕੂਮਤ ਦਾ ਨਸ਼ਾ, ਖੁਦਗਰਜ਼ੀ, ਜ਼ੁਲਮ, ਕਤਲੋ ਗਾਰਤ, ਫਰੇਬ ਈਰਖਾ ਆਦਿ ਹੈ ਤੇ ਇਸ ਨੂੰ ਕਾਇਮ ਰੱਖਣ ਲਈ ਝੂਠੇ ਵਾਇਦੇ, ਗਰੀਬਾਂ ਦਾ ਖੂਨ ਚੂਸਣਾ, ਕੁਰੱਪਸ਼ਨ, ਬੇਇਨਸਾਫ਼ੀ, ਪੱਖਵਾਦ ਤੇ ਝੂਠਾ ਪ੍ਰਾਪੇਗੰਡਾ ਆਦਿਕ ਸਭ ਜਾਇਜ਼ ਹੈ।

ਪਰ ਗੁਰੂ ਨਾਨਕ ਦੇਵ ਜੀ ਦੇ ਕਿਲ੍ਹੇ ਤੇ ਰਾਜ ਦੀ ਨੀਂਵ ਸੱਚ ਤੇ ਉਸਾਰੀ ਗਈ ਹੈ-

ਨਾਨਕਿ ਰਾਜੁ ਚਲਾਇਆ ਸਚੁ
ਕੋਟੁ ਸਤਾਣੀ ਨੀਵ ਦੈ।।

(ਸਤੇ ਬਲਵੰਡ ਦੀ ਵਾਰ ੯੬੬)

ਇਸ ਰਾਜ ਵਿੱਚ ਪੂਰਾ ਨਿਆਉ ਹੈ, ਧਿੰਗਾ ਜ਼ੋਰੀ ਤੇ ਅਤਿਆਚਾਰ ਨਹੀਂ। ਗੁਰ ਸੰਗਤ ਐਸਾ ਦੀਵਾਨ ਹੈ ਜਿੱਥੇ ਔਗੁਣਿਆਰਾਂ ਨੂੰ ਸਜ਼ਾ ਨਹੀਂ ਮਿਲਦੀ , ਬਖਸ਼ਸ਼ ਮਿਲਦੀ ਹੈ। ਬਾਦਸ਼ਾਹੀ ਤੇ ਪਾਤਸ਼ਾਹੀ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ। ਇੱਕ ਰਾਜ ਵਿੱਚ ਦੋਸ਼ੀ ਨੂੰ ਸਜ਼ਾ ਮਿਲਦੀ ਹੈ ਤੇ ਉਹ ਦੋਸ਼ੀ ਸਜ਼ਾ ਭੁਗਤਣ ਬਾਅਦ ਬਦਲੇ ਦੀ ਭਾਵਨਾ ਨਾਲ ਵਾਪਸ ਪਰਤਦਾ ਹੈ ਤੇ ਦੂਸਰੇ ਰਾਜ ਵਿੱਚ ਦੋਸ਼ੀ ਨੂੰ ਰੋਗੀ ਸਮਝਦਿਆਂ ਉਸ ਦਾ ਰੋਗ ਜੜ੍ਹ ਤੋਂ ਖਤਮ ਕਰਕੇ ਪੂਰਣ ਤੰਦਰੁਸਤ ਬਣਾਇਆ ਜਾਂਦਾ ਹੈ।

ਇਤਿਹਾਸ ਗਵਾਹ ਹੈ ਕਿ ਕੋਈ ਵੀ ਸੰਸਾਰਕ ਬਾਦਸ਼ਾਹੀ ਹਮੇਸ਼ਾ ਲਈ ਕਾਇਮ ਨਹੀਂ ਰਹੀ। ਸਾਡੇ ਆਪਣੇ ਮੁਲਕ ਵਿੱਚ ਮੁਗਲ ਰਾਜ ਦੀਆਂ ਤੇ ਅੰਗਰੇਜ਼ਾਂ ਦੀ ਹਕੂਮਤ ਦੀ ਜੜ੍ਹਾਂ ਜਿਹੜੀਆਂ ਪਾਤਾਲ ਤੱਕ ਪਹੁੰਚੀਆਂ ਹੋਈਆਂ ਸਨ, ਸਮਾਂ ਪਾ ਕੇ ਸਦਾ ਲਈ ਉੱਖੜ ਗਈਆਂ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਜ ਸਦਾ ਹੀ ਸਲਾਮਤ ਹੈ, ਅਟੱਲ ਤੇ ਅਮਰ ਹੈ। ਸੰਸਾਰ ਦੀ ਜਿਹੜੀ ਵੀ ਹਸਤੀ ਇਸ ਨੂੰ ਭੈੜੀ ਨੀਅਤ ਨਾਲ ਸੋਚਣ, ਅਬਾ ਤਬਾ ਬੋਲਣ ਜਾਂ ਉਲਟਾਉਣ ਦੀ ਨੀਤੀ ਨੂੰ ਵਰਤੋਂ ਵਿੱਚ ਲਿਆਉਣ ਦਾ ਉਪਰਾਲਾ ਕਰੇਗੀ, ਮੂੰਹ ਦੀ ਖਾਵੇਗੀ। ਇਹ ਕਿਸੇ ਇਨਸਾਨ ਦਾ ਫੈਸਲਾ ਨਹੀਂ, ਅਕਾਲ ਪੁਰਖ ਦਾ ਆਪਣਾ ਫੁਰਮਾਨ ਹੈ।

ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ
ਆਦਿ ਪੁਰਖਿ ਫੁਰਮਾਇਓ।।੭।।

(ਸਵਈਏ ਮਹਲੇ ਪਹਿਲੇ ਕੇ੧੩੯੦)

ਜਗਤ ਤਾਰਕ ਗੁਰਦੇਵ ਜੀ ਦਾ ਮੁੱਖ ਉਪਦੇਸ਼ ਕੇਵਲ ਨਾਮ ਦੀ ਵਡਿਆਈ ਦ੍ਰਿੜਾਉਣਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਗੁਰੂ ਨਾਨਕ ਨਿਰੰਕਾਰੀ ਨੇ ਘਰਬਾਰ ਤਿਆਗ ਕੇ ਚਾਰ ਉਦਾਸੀਆਂ ਦੁਆਰਾ ਚਾਰੇ ਕੂਟਾਂ ਦਾ ਪੈਦਲ ਰਟਨ ਕੀਤਾ ਤੇ ਕਰਮ ਕਾਂਡ ਵਿੱਚ ਉਲਝੇ ਤੇ ਸੱਚੇ ਨਾਮ ਤੋਂ ਘੁੱਥੇ ਪ੍ਰਾਣੀਆਂ ਨੂੰ ਵਾਹਦੀਅਤ (ਕੇਵਲ ੧ਓ) ਦਾ ਸਬਕ ਪੜ੍ਹਾਇਆ। ਆਪ ਜੀ ਕੋਲ ਦੋ ਤਕੜੇ ਹਥਿਆਰ ਸਨ-ਗਿਆਨ ਦਾ ਖੜਗ ਤੇ ਨਾਮ ਦਾ ਖੰਡਾ। ਇਨ੍ਹਾਂ ਹਥਿਆਰਾਂ ਅੱਗੇ ਕੋਈ ਨਹੀਂ


www.AKJ.Org

ਟਿਕ ਸਕਿਆ, ਚਾਹੇ ਉਹ ਵਿਕਾਰੀ ਸੀ ਚਾਹੇ ਹੰਕਾਰੀ। ਹਿੰਦੂਆਂ ਤੇ ਮੁਸਲਮਾਨਾਂ ਦੇ ਧਾਰਮਕ ਰਹਿਬਰਾਂ, ਜੋਗੀਆਂ, ਸਿੱਧਾਂ, ਭੁੱਲੜਾਂ, ਪਖੰਡੀਆਂ ਤੇ ਆਲੀ ਰਾਜਿਆਂ ਨੂੰ ਨਾਮ-ਰਸ-ਭਿੰਨੜੀ ਸ਼ਖਸ਼ੀਅਤ ਅੱਗੇ ਆਪਣਾ ਸੀਸ ਝੁਕਾਉਣਾ ਪਿਆ।

ਸਾਰਾਂਸ਼ ਹਜ਼ੂਰ ਦੀ ਆਤਮਕ ਵਡਿਆਈ, ਸਚ-ਨਾਮ-ਸੁਗੰਧੀ, ਪੰਜਾਬ ਦੀ ਧਰਤੀ ਨੂੰ ਸੁਗੰਧਤ ਕਰਨ ਬਾਅਦ ਸਗਲ ਬ੍ਰਹਿਮੰਡ ਵਿੱਚ ਪਸਰ ਗਈ। ਗੁਰ ਫੁਰਮਾਨ ਹੈ :

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿਆਈ।।
ਪ੍ਰਗਟਭਈਸਗਲੇਜੁਗ ਅੰਤਰਿਗੁਰਨਾਨਕ ਕੀ ਵਡਿਆਈ।।
(ਸੋਰਠਿ ਮਹਲਾ ੫, ੬੧੧)

■ ■ ■ ■ ■ ■ ■ ■ ■ ■

## ਸਾਸਿ ਸਾਸਿ ਧਿਆਵਹੁ ਠਾਕੁਰ ਕਉ

ਜਾ ਕੈ ਸਿਮਰਣਿ ਹੋਇ ਅਨੰਦਾ,
ਬਿਨਸੈ ਜਨਮ ਮਰਣ ਭੈ ਦੁਖੀ।।
ਚਾਰਿ ਪਦਾਰਥ ਨਵ ਨਿਧਿ ਪਾਵਹਿ,
ਬਹੁਰਿ ਨ ਤ੍ਰਿਸਨਾ ਭੁਖੀ।। ੧।।
ਜਾ ਕੋ ਨਾਮੁ ਲੈਤ ਤੂ ਸੁਖੀ।।
ਸਾਸਿ ਸਾਸਿ ਧਿਆਵਹੁ ਠਾਕੁਰ ਕਉ
ਮਨ ਤਨ ਜੀਅਰੇ ਮੁਖੀ।। ੧।। ਰਹਾਉ।।
ਗੁਰ ਨਾਨਕ ਕਉ ਪ੍ਰਭੁ ਦਿਖਾਇਆ,
ਸਾਂਤਿ ਪਾਵਹਿ ਹੋਵਹਿ ਮਨ ਸੀਤਲ
ਅਗਨਿ ਨ ਅੰਤਰਿ ਧੁਖੀ।।
ਜਲਿ ਥਲਿ ਤ੍ਰਿਭਵਣਿ ਰੁਖੀ।।੨।।੨।।੩੦।।
(ਸੋਰਠਿ ਮ: ੫, ਪੰਨਾ ੬੧੭)

(ਹੇ ਭਾਈ ! ਜਿਸ ਪ੍ਰਭੂ ਦੇ ਸਿਮਰਨ ਸਦਕਾ ਤੂੰ ਸਦਾ ਸੁਖੀਹੋ ਸਕਦਾ ਹੈ, ਅਨੰਦਮਈ ਜੀਵਨ ਜੀਊ ਸਕਦਾ ਹੈ, ਤੇਰੇ ਜਨਮ ਮਰਨ ਦੇ ਸਾਰੇ ਡਰ ਤੇ ਦੁੱਖ ਦੂਰ ਹੋ ਸਕਦੇ ਹਨ, ਤੂੰ ਚਾਰੇ ਪਦਾਰਥ (ਧਰਮ, ਅਰਥ, ਕਾਮ, ਮੋਖ) ਤੇ ਦੁਨੀਆਂ ਦੇ ਨੌਂ ਹੀ ਖਜਾਨੇ ਪ੍ਰਾਪਤ ਕਰ ਸਕਦਾ ਹੈਂ, ਤੈਨੂੰ ਫਿਰ ਮਾਇਆ ਦੀ ਤ੍ਰੇਹ ਭੁੱਖ ਨਹੀਂ ਲੱਗੇਗੀ, ਉਸ ਪ੍ਰਭੂ ਨੂੰ ਤੂੰ ਆਪਣੇ ਤਨੋ ਮਨੋ ਮੂੰਹ ਨਾਲ, ਹਰੇਕ ਸਾਹ ਦੇ ਨਾਲ ਸਿਮਰਿਆ ਕਰ। ਸਿਮਰਨ ਦੀ ਬਰਕਤ ਨਾਲ ਤੂੰ ਸਾਂਤੀ ਹਾਸਲ ਕਰ ਲਵੇਂਗਾ, ਤੇਰਾ ਮਨ ਠੰਡਾ ਠਾਰ ਹੋ ਜਾਏਗਾ, ਤੇਰੇ ਅੰਦਰ ਤ੍ਰਿਸ਼ਨਾ ਦੀ ਅੱਗ ਨਹੀਂ ਧੁਖੇਗੀ।

ਨਾਨਕ ਮੋਹਰ ਛਾਪ ਹੇਠ ਪੰਚਮ ਪਾਤਸ਼ਾਹ ਕਹਿੰਦੇ ਹਨ ਕਿ ਗੁਰੂ ਨੇ ਮੈਨੂੰ ਉਹ ਪਰਮਾਤਮਾ ਪਾਣੀ, ਧਰਤੀ, ਰੁੱਖਾਂ, ਤਿੰਨਾਂ ਹੀ ਭਵਨਾਂ (ਧਰਤ, ਆਕਾਸ਼, ਪਾਤਾਲ) ਵਿੱਚ ਵੱਸਦਾ ਦਿਖਾ ਦਿੱਤਾ ਹੈ।)

ਪੰਨਾ ੨੨ ਦਾ ਬਾਕੀ..........

ਬਹੁਤ ਸਾਰੇ ਪ੍ਰਸ਼ਨ ਪੁੱਛੇ। ਉਨ੍ਹਾਂ ਵਿਚੋਂ ਇਕ ਪ੍ਰਸ਼ਨ ਗੁਰੂ ਨਾਨਕ ਜੀ ਦੀਆਂ ਰਚਨਾਵਾਂ ਵਿਚੋਂ ਇਕ ਤੁਕ ਸੀ ਜਿਹੜੀ ਮੁਸਲਮਾਨਾਂ ਦੇ ਇਸ ਵਿਸ਼ਵਾਸ ਨਾਲ ਸੰਬੰਧਿਤ ਸੀ ਕਿ ਜਿਹੜੇ ਮ੍ਰਿਤਕ ਸਰੀਰਾਂ ਨੂੰ ਮੌਤ ਪਿਛੋਂ ਸਾੜ ਦਿੱਤਾ ਜਾਂਦਾ ਹੈ, ਉਹ ਦੋਜ਼ਖ ਵਿਚ ਜਾਂਦੇ ਹਨ। ਉਹ ਤੁਕ ਇਉਂ ਹੈ :

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।।
(ਪੰਨਾ-੪੬੬)

ਬਾਦਸ਼ਾਹ ਨੇ ਰਾਮ ਰਾਏ ਨੂੰ ਪੁੱਛਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਮੁਸਲਮਾਨਾਂ ਦੀ ਨਿੰਦਿਆ ਕਿਉਂ ਕੀਤੀ ਗਈ ਹੈ। ਰਾਮ ਰਾਏ ਨੇ ਤੁਕ ਵਿਚ ਇਕ ਸ਼ਬਦ ਬਦਲ ਕੇ ਮੌਕਾ ਬਚਾ ਲਿਆ। ਉਸ ਕਿਹਾ ਕਿ *'ਮੁਸਲਮਾਨ'* ਸ਼ਬਦ ਕਾਤਬ ਦੀ ਗਲਤੀ ਨਾਲ ਲਿਖਿਆ ਗਿਆ ਹੈ। ਅਸਲ ਵਿਚ ਇਹ ਸ਼ਬਦ *'ਬੇਈਮਾਨ'* ਹੈ। ਬਾਦਸ਼ਾਹ ਖੁਸ਼ ਹੋ ਗਿਆ ਤੇ ਉਸ ਨੇ ਰਾਮ ਰਾਏ ਨੂੰ ਦੂਨ ਦੀ ਵਾਦੀ ਵਿੱਚ ਜਾਗੀਰ ਦੇ ਦਿੱਤੀ ਪਰ ਗੁਰੂ ਜੀ ਨੂੰ ਆਪਣੇ ਇਸ ਪੁੱਤਰ ਵਿਚ ਸੱਚਾਈ ਅਤੇ ਹੌਸਲੇ ਦੀ ਘਾਟ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਉਸ ਨੂੰ ਗੁਰਿਆਈ ਦੇ ਜ਼ਿੰਮੇਵਾਰ ਅਹੁਦੇ ਲਈ ਅਯੋਗ ਘੋਸ਼ਿਤ ਕਰ ਦਿੱਤਾ ਅਤੇ ਇਸ ਗੱਲ ਲਈ ਆਪਣੇ ਮਨ ਬਣਾ ਲਿਆ ਕਿ ਰਾਮ ਰਾਏ ਦੀ ਥਾਂ ਗੁਰਗੱਦੀ ਹਰਿ ਕ੍ਰਿਸ਼ਨ ਜੀ ਨੂੰ ਦਿੱਤੀ ਜਾਵੇਗੀ।

ਗੁਰੂ ਹਰਿ ਰਾਏ ਜੀ ਦੇ ਸਮੇਂ ਸਿੱਖ ਮਤ ਨੇ ਚੰਗੀ ਉੱਨਤੀ ਕੀਤੀ। ਉਨ੍ਹਾਂ ਨੇ ਇਕ ਸੰਨਿਆਸੀ ਭਗਤ ਭਗਵਾਨ ਨੂੰ ਜਿਹੜਾ ਸਿੱਖ ਹੋ ਗਿਆ ਸੀ, ਪੰਜਾਬ ਤੋਂ ਬਾਹਰ ਪੂਰਬ ਵਿਚ ਸਿੱਖ ਮਤ ਦੇ ਪ੍ਰਚਾਰ ਲਈ ਭੇਜਿਆ। ਕੈਂਥਲ ਅਤੇ ਬਾਗੜੀਆਂ ਦੇ ਭਾਈ ਪਰਿਵਾਰਾਂ ਨੂੰ ਜਮਨਾ ਅਤੇ ਸਤਲੁਜ ਦਰਿਆਵਾਂ ਦੇ ਦਰਮਿਆਨੀ ਇਲਾਕੇ ਵਿਚ ਪ੍ਰਚਾਰ ਦਾ ਕੰਮ ਸੌਂਪਿਆ ਗਿਆ। ਬਿਆਸ ਅਤੇ ਰਾਵੀ ਦੇ ਵਿਚਕਾਰ ਦੇ *'ਲੰਮਾਂ'* ਇਲਾਕੇ ਵਿਚ ਭਾਈ ਫੇਰੂ ਗੁਰੂ ਜੀ ਦੇ ਮਸੰਦ ਵਜੋਂ ਕੰਮ ਕਰ ਰਿਹਾ ਸੀ।

ਗੁਰੂ ਹਰਿ ਰਾਏ ਜੀ ਪੂਰੀ ਯੋਗਤਾ ਨਾਲ ਲਗਭੱਗ ਸਤਾਰਾਂ ਸਾਲਾਂ ਤੱਕ ਗੁਰਿਆਈ ਨਿਭਾਉਣ ਉਪਰੰਤ ੬ ਅਕਤੂਬਰ ੧੬੬੧ ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।

■ ■ ■ ■ ■ ■ ■ ■ ■


www.AKJ.Org

# ਨਿਆਰਾ ਖਾਲਸਾ

(ਜਥੇਦਾਰ ਰਾਮ ਸਿੰਘ, ਅਖੰਡ ਕੀਰਤਨੀ ਜੱਥਾ, ਯੂ. ਕੇ)

ਭਾਈ ਗੁਰਦਾਸ ਜੀ ਦੇ ਇਸ ਕਥਨ "ਸ਼ਬਦ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ।" (1-31) ਅਨੁਸਾਰ ਖਾਲਸਾ ਪੰਥ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਅਤੇ ਦਸਵੇਂ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਕਰ ਕਮਲਾਂ ਦੁਆਰਾ ਇਹ ਨਿਰਾਲਾ ਪੰਥ ਵਿਲੱਖਣ ਰੂਪ ਵਿਚ ਪ੍ਰਵਾਨ ਚੜ੍ਹਿਆ। ਇਸ ਪੰਥ ਦੀ ਗੁਰਮਤਿ ਚਾਲ ਭੀ ਭਾਈ ਗੁਰਦਾਸ ਜੀ ਦੇ ਅਗਲੇ ਕਥਨ, "ਡਗਮਗ ਚਾਲ ਸੁਢਾਲ ਹੈ ਗੁਰਮਤਿ ਨਿਰਾਲੀ।" (13-6) ਅਨੁਸਾਰ ਨਿਰਾਲੀ ਹੈ ਪਰ ਨਾਲ ਦੀ ਨਾਲ ਇਹ ਨਿਰਾਲਾ ਤੇ ਨਿਰਮਲ ਪੰਥ ਨਿਰਾਲਾ ਤੇ ਦੁਨੀਆਵੀ ਲਾਜ ਕੁਲਾਜ ਦੀ ਪ੍ਰਵਾਹ ਨਾ ਕਰਦਾ ਹੋਇਆ ਪਰ ਗੁਰੂ ਹੁਕਮਾਂ ਨੂੰ ਕਮਾਉਂਦਾ ਹੋਇਆ, ਭਾਈ ਗੁਰਦਾਸ ਦੇ ਇਸ ਵਾਕ, "ਵਾਲਹੁ ਨਿਕਾ ਆਖੀਐ ਗੁਰ ਪੰਥ ਨਿਰਾਲਾ।" (13-7) ਦੀ ਰੋਸ਼ਨੀ ਵਿਚ ਤੇ ਕਬੀਰ ਦੇ ਕਥਨ ਅਨੁਸਾਰ, "ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ।" (ਪੰਨਾ ੧੩੭੩) ਔਖੀ ਘਾਟੀ ਦਾ ਮੁਸਾਫਰ ਗੁਰ ਹੁਕਮਾਂ ਨੂੰ ਕਮਾਉਣ ਦੀ ਖੁਸ਼ੀ ਦੀ ਮਸਤੀ ਵਿਚ ਨਿਰਾਲੇ ਢੰਗ ਨਾਲ ਅਗਾਂਹ ਵਧਦਾ ਜਾ ਰਿਹਾ ਹੈ।

ਪਰ ਕੀ ਸਿੱਖ ਪੰਥ ਭਾਵ ਖਾਲਸਾ ਪੰਥ-ਹੋਰਨਾਂ ਮੱਤਾਂ ਅਨੁਸਾਰ ਸਿਰਫ ਮਰਦਾਂ ਦੀ ਕਰਨੀ ਆਦਿ ਨੂੰ ਬਰਾਬਰ ਦਾ ਦਰਜਾ ਦੇ ਕੇ ਸਮੁੱਚੀ ਸਿੱਖ ਜਾਤੀ (ਸਿੰਘਾਂ ਤੇ ਸਿੰਘਣੀਆਂ) ਨੂੰ ਪੰਥ ਗਰਦਾਨਦਾ ਹੈ ? ਸਿੱਖ ਪੰਥ ਤਾਂ ਸਗੋਂ ਇਸ ਤੋਂ ਭੀ ਉਤਾਂਹ ਉਠ ਕੇ ਸਾਰੀ ਮਾਨਵਤਾ ਨੂੰ ਆਪਣੀ ਲਪੇਟ ਵਿਚ ਲੈਂਦਾ ਹੈ। ਤੇ "ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ ਅਤੇ ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।" (ਪੰਨਾ 747) ਅਨੁਸਾਰ ਸੰਸਾਰ ਦੇ ਹਰ ਮਰਦ ਇਸਤਰੀ ਨੂੰ ਇਸ ਉਤਮ ਸਿਖਿਆ ਤੋਂ ਲਾਭ ਉਠਾਉਣ ਲਈ ਪ੍ਰੇਰਦਾ ਹੈ। (ਗੁਰੂ ਸਾਹਿਬ ਕਬੀਰ ਜੀ ਦੇ ਇਸ ਮੁਖਵਾਕ, "ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ।। ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ।।" (ਪੰ: ੪੭੭) ਅਨੁਸਾਰ ਸਿੱਖ ਪੰਥ ਦੀ ਅੱਧੀ ਆਬਾਦੀ ਭਾਵ ਇਸਤਰੀ ਜਾਤੀ ਨੂੰ ਕਿਸੇ ਭੀ ਪੱਖੋਂ ਬੇਦਖਲ ਨਹੀਂ ਕਰਨਾ ਚਾਹੁੰਦੇ। ਸੋ ਇਹ ਸਾਬਤ ਹੋ ਜਾਂਦਾ ਹੈ ਕਿ ਸਿੱਖ ਪੰਥ ਵਿਚ ਜੋ ਭੀ ਹੁਕਮ ਜਾਂ ਸਿੱਖਿਆ ਹੈ ਉਹ ਪੰਥ ਦੇ ਇਕ ਵਰਗ ਜਾਂ ਲਿੰਗ ਜਾਤੀ ਲਈ ਨਹੀਂ, ਸਮੁੱਚੀ ਜਾਤੀ ਸਿੱਖ ਵਸੋਂ (ਮਰਦ-ਇਸਤਰੀ, ਨੌਜਵਾਨ, ਬੁੱਢੇ ਆਦਿ) ਲਈ ਹੈ ਜਿਸ ਦਾ ਪ੍ਰਚਾਰ ਸਭ ਉੱਘੇ ਪ੍ਰਚਾਰਕ ਭੀ ਕਰਦੇ ਹਨ ਕਿ ਹਰ ਤਰ੍ਹਾਂ ਦੀ ਸਿੱਖਿਆ, ਖੰਡੇ ਦਾ ਅੰਮ੍ਰਿਤ, ਰਹਿਤਾਂ ਆਦਿ ਹਰ ਸਿੱਖ ਮਰਦ ਅਤੇ ਇਸਤਰੀ ਲਈ ਸਮਾਨ ਹਨ। ਜਿਵੇਂ ਅੰਮ੍ਰਿਤ ਛਕਾਉਣ ਸਮੇਂ ਜੈਕਾਰਾ ਬੀਬੀਆਂ ਲਈ ਭੀ, *"ਵਾਹਿਗੁਰੂ ਜੀ ਕਾ ਖਾਲਸਾ"* ਹੀ ਹੈ ਨਾ ਕਿ *ਵਾਹਿਗੁਰੂ ਜੀ ਕੀ ਖਾਲਸੀ।।"*

ਸੋ ਗੁਰੂ ਨਾਨਕ ਦੇਵ ਜੀ ਨੇ ਇਸ ਨਿਆਰੇ ਤੇ ਨਿਰਾਲੇ ਪੰਥ ਦੀ ਨੀਂਹ ਹੀ ਨਿਰਾਲੇ ਢੰਗ ਨਾਲ ਰੱਖੀ। ਕਿਵੇਂ ? ਇਸ ਤਰ੍ਹਾਂ ਕਿ ਦੂਸਰੇ ਮਤ ਇਸਤਰੀ ਜਾਤੀ ਨੂੰ ਹਰ ਧਾਰਮਿਕ ਖੇਤਰ ਵਿਚੋਂ ਬਾਹਰ ਰੱਖਦੇ ਹਨ, ਗੁਰੂ ਜੀ ਨੇ ਇਸਨੂੰ ਸਗੋਂ ਅਗਾਂਹ ਰੱਖਿਆ। ਹਰ ਤਰ੍ਹਾਂ ਦੇ ਰਿਵਾਜ ਤੇ ਰੀਤਾਂ ਆਦਿ ਭੀ ਹੋਰਨਾਂ ਮੱਤਾਂ ਨਾਲੋਂ ਵਿਲੱਖਣ ਪਰ ਸਿੱਧੇ ਸਾਦੇ ਤੇ ਸੁਭਾਵਕ ਨਿਭਾਏ ਜਾਣ ਵਾਲੇ ਹੋਣ ਕਰਕੇ ਨਿਭਾਉਣ ਵਾਲਿਆਂ ਲਈ ਆਸਾਨ ਪਰ ਦੂਜਿਆਂ, ਲੋਕ ਲਾਜ ਦੇ ਭਾਰ ਹੇਠਾਂ ਦੱਬੇ ਲੋਕਾਂ ਲਈ ਬਹੁਤ ਕਠਿਨ ਦਿਖਾਈ ਦਿੰਦੇ ਹਨ। ਖੈਰ ਇਥੇ ਖਾਸ ਵਿਚਾਰ ਖਾਲਸਾ ਰਹਿਤ ਦੀ ਕਰਨੀ ਹੈ ਜਿਸ ਨੇ ਖਾਲਸਾ ਪੰਥ ਨੂੰ ਖਾਸ ਨਿਰਾਲੀ ਸ਼ਾਨ ਬਖਸ਼ ਕੇ ਨਿਰਾਲਾ ਤੇ ਨਿਆਰਾ ਬਣਾਇਆ ਹੈ।

ਇਹ ਨਿਆਰੀ ਤੇ ਨਿਰਾਲੀ ਰਹਿਤ ਗੁਰੂ ਨਾਨਕ ਦੇਵ ਜੀ ਨੇ ਹੀ ਪ੍ਰਚਲਿਤ ਕਰ ਦਿੱਤੀ ਸੀ ਜਦ ਕਿ ਆਦਿ ਗੁਰੂ ਜੀ ਨੇ ਕੇਸਾਂ ਦੀ ਖਾਸ ਮਹੱਹਤਾ ਦਰਸਾਉਂਦੇ ਹੋਏ ਭੁੱਲੇ ਭਟਕੇ ਜੀਵ ਨੂੰ ਪ੍ਰਮਾਤਮਾ ਦਾ ਨਿੱਜ ਰੂਪ ਦਰਸਾ ਕੇ ਉਸ ਨਿੱਜ ਰੂਪ ਵਰਗਾ ਹੋਣ ਲਈ ਮਨ ਵਿਚ ਤਾਂਘ ਪੈਦਾ ਕਰ ਦਿੱਤੀ ਜਿਵੇਂ "ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ।" (ਪੰਨਾ ੧੩੭੨) ਅਤੇ "ਮਨ ਤੂੰ ਜੋਤਿ ਸਰੂਪੁ ਹੈ।" (ਪੰਨਾ ੪੪੧) ਦਾ ਸਬਕ ਦੇ ਕੇ ਪੱਕਿਆਂ ਕਰਦੇ ਹੋਏ ਪ੍ਰਮਾਤਮਾ ਵਾਂਗ *'ਲੰਮੜੇ ਵਾਲਾ'* (ਪੰਨਾ 567) ਮੁਤਾਬਕ ਸਾਬਤ ਸੂਰਤ ਰਹਿਣ ਦੀ ਸਿੱਖਿਆ ਦਿੱਤੀ। ਇਸਨੂੰ ਪੰਜਵੇਂ ਜਾਮੇ ਵਿਚ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਅੰਕਿਤ ਕਰ ਦਿੱਤਾ, "ਸਾਬਤ ਸੂਰਤਿ ਦਸਤਾਰ ਸਿਰਾ"। (ਪੰਨਾ ੧੦੮੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਹਰ ਮਾਈ ਭਾਈ


www.AKJ.Org

ਨੌਂਜਵਾਨ ਬੁੱਢੇ ਆਦਿ ਲਈ ਸਿੱਖਿਆ ਤੇ ਹੁਕਮ ਵਜੋਂ ਸਮਾਨ ਹੈ। ਸੋ ਸਭ ਲਈ ਕੇਸ ਜੋ ਪ੍ਰਮਾਤਮਾ ਦਾ ਨਿੱਜ ਰੂਪ ਹੋਣ ਕਰਕੇ ਬਹੁਤ ਜ਼ਰੂਰੀ ਤੇ ਪਵਿੱਤਰ ਦਾਤ ਹਨ, ਸੰਭਾਲਣੇ ਜ਼ਰੂਰੀ ਕਰਾਰ ਦਿੱਤੇ ਗਏ। ਐਸੀ ਰਹਿਣੀ ਰਹਿਣ ਲਈ ਕਿਸੇ ਹੋਰ ਪੈਗੰਬਰ ਨੇ ਕਦੇ ਜ਼ੋਰ ਨਹੀ ਦਿੱਤਾ ਪਰ ਗੁਰੂ ਜੀ ਅਸਲੀ ਅਰਥਾਂ ਵਿਚ ਸਮੁੱਚੀ ਮਾਨਵਤਾ ਨੂੰ ਪ੍ਰਮਾਤਮਾ ਵਲੋਂ ਬਖਸ਼ੀ ਸੂਰਤ ਨੂੰ ਕਾਇਮ ਦਾਇਮ ਰੱਖਣ ਲਈ ਪ੍ਰੇਰਦੇ ਹਨ। ਕਿਉਂ ? ਤਾਂ ਕਿ ਪ੍ਰਮਾਤਮਾ ਦੀ ਨੇ ਡ਼ਤਾ ਪ੍ਰਾਪਤ ਕਰਨੀ ਆਸਾਨ ਹੋ ਸਕੇ। ਕਿੰਨੀ ਸਰਲ ਪਰ ਮਹੱਤਵਪੂਰਨ ਸਿਖਿਆ ਹੈ ਇਹ ! ਦਸਵੇਂ ਜਾਮੇ ਵਿਚ ਗੁਰੂ ਜੀ ਨੇ ਖੰਡੇ ਦੀ ਪਾਹੁਲ ਰਾਹੀਂ ਅੰਮ੍ਰਿਤ ਛਕਾ ਕੇ ਇਸਤਰੀ ਮਰਦ ਦੋਹਾਂ ਨੂੰ ਇਕੋ ਜਿਹੀ ਰਹਿਤ ਦ੍ਰਿੜਾਈ। ਰਹਿਤ ਦ੍ਰਿੜਾ ਕੇ ਹੁਕਮ ਕਰ ਦਿੱਤਾ ਕਿ "ਸੋ ਸਿਖ ਸਖਾ ਬੰਧਪੁ ਹੈ ਭਾਈ ਜਿ ਗੁਰੂ ਕੇ ਭਾਣੇ ਵਿਚ ਆਵੈ।। ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।।" (ਪੰਨਾ 601-2) ਤੇ ਨਾਲ ਚਿਤਾਵਨੀ ਕਰ ਦਿੱਤੀ, "ਜਬ ਲਗ ਖਾਲਸਾ ਰਹੇ ਨਿਆਰਾ।। ਤਬ ਲਗ ਤੇਜ ਦੀਉ ਮੈ ਸਾਰਾ।। ਜਬ ਇਹ ਗਹੈ ਬਿਪਰਨ ਕੀ ਰੀਤਿ ।। ਮੈ ਨਾ ਕਰੌਂ ਇਨਕੀ ਪ੍ਰਤੀਤ।।" ਅੰਮ੍ਰਿਤ ਛਕਾਉਣ ਸਮੇਂ ਜੋ ਰਹਿਤਾਂ ਤੇ ਕੁਰਹਿਤਾਂ ਦ੍ਰਿੜਾਈਆਂ ਜਾਂਦੀਆਂ ਹਨ ਉਨ੍ਹਾਂ ਦਾ ਪਾਲਣ ਕਰਨਾ ਹਰ ਅੰਮ੍ਰਿਤ ਛਕਣ ਵਾਲੇ ਇਸਤਰੀ ਮਰਦ (ਸਿੰਘਣੀ-ਸਿੰਘ) ਲਈ ਜ਼ਰੂਰੀ ਹੈ। ਸਭ ਤੋਂ ਸਰੇਸ਼ਟ ਰਹਿਤ ਤੇ ਹੁਕਮ, *"ਹੁਕਮਾਂ ਸਿਰ ਹੁਕਮ"* ਨਾਮ ਜਪਣਾ ਹੈ ਅਤੇ ਨਾਮ ਜਪਣ ਵਿਚ ਸਹਾਇਕ ਤੇ ਆਤਮਾ ਦੀ ਉੱਨਤੀ ਲਈ ਵਾੜ ਵਜੋਂ ਅਤੇ ਸਿੱਖ ਪੰਥ ਦਾ ਅੰਗ ਹੋਣ ਵਜੋਂ ਬਾਹਰੀ ਰਹਿਤ ਦਾ ਪਾਲਣਾ ਭੀ ਉਨਾਂ ਹੀ ਜ਼ਰੂਰੀ ਦ੍ਰਿੜਾਇਆ ਗਿਆ ਤੇ ਜਾਂਦਾ ਹੈ ਅਤੇ ਕਿਸੇ ਤਰ੍ਹਾਂ ਦੀ ਢਿੱਲ ਨੂੰ "ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ।।" ਦੀ ਚਿਤਾਵਨੀ ਰਾਹੀਂ ਖਬਰਦਾਰ ਕਰ ਦਿੱਤਾ। ਚਾਰ ਕੁਰਹਿਤਾਂ ਦੇ ਨਾਲ ਨਾਲ ਜੋ ਪੰਜ ਰਹਿਤਾਂ ਹਨ, ਉਹ ਖਾਸ ਮਹੱਤਤਾ ਰੱਖਦੀਆਂ ਹਨ, ਖਾਲਸਾ ਪੰਥ ਨੂੰ ਨਿਰਾਲਾ ਤੇ ਨਿਆਰਾ ਬਣਾਉਣ ਵਿਚ ਤੇ ਉਨ੍ਹਾਂ ਵਿਚੋਂ ਦਸਤਾਰ ਭਾਵ ਕੇਸਕੀ ਹੋਰ ਭੀ ਖਾਸ ਮਹੱਤਤਾ ਰੱਖਦੀ ਹੈ ਕਿਉਂਕਿ ਇਸ ਤੋਂ ਬਿਨਾਂ ਤਾਂ ਨਿਰਾਲਾਪਨ ਦੂਜੇ ਲੋਕਾਂ ਵਿਚ ਪ੍ਰਗਟਾਉਣਾ ਸੰਭਵ ਨਹੀਂ। *ਜੋ ਸਿੱਖ ਅੰਮ੍ਰਿਤਧਾਰੀ ਬੀਬੀਆਂ, ਅਨਮਤੀ ਬੀਬੀਆਂ ਵਾਂਗ ਸਿਰ ਤੇ ਕੇਸਕੀ ਦੀ ਬਜਾਏ ਚੁੰਨੀ ਹੀ ਪਹਿਨਣ ਤਾਂ ਉਹ ਨਾ ਤਾਂ ਪਹਿਚਾਣ ਹੋ ਸਕਦੀਆਂ ਹਨ ਤੇ ਖਾਸ ਕਰਕੇ ਨਾ ਨਿਰਾਲੀਆਂ ਹੀ ਲੱਗ ਸਕਦੀਆਂ ਹਨ ਤੇ ਕੇਸਾਂ ਨੂੰ ਵੀ ਹਰ ਵਕਤ ਢਕ ਕੇ ਨਹੀਂ ਰੱਖ ਸਕਦੀਆਂ ਚੁੰਨੀ ਤਾਂ ਪਲ ਪਲ ਸਿਰ ਤੋਂ ਖਿਸਕਦੀ ਰਹਿੰਦੀ ਹੈ। ਤਦ ਸਾਰਾ ਸਿੱਖ ਪੰਥ ਨਿਰਾਲਾ ਕਿਵੇਂ ਹੋਵੇਗਾ ? ਫਿਰ ਜਦ ਕਿ ਗੁਰੂ ਜੀ ਨੇ ਸਾਰੇ ਸਿੱਖ ਪੰਥ ਨੂੰ ਨਿਰਾਲਾ ਬਣਾਇਆ ਹੈ।*

ਖਾਲਸਾ ਪੰਥ ਵਿਚ ਦੋਵੇਂ ਇਸਤਰੀ ਮਰਦ ਸ਼ਾਮਿਲ ਹਨ ਨਾ ਕਿ ਸਿਰਫ ਮਰਦ। ਸੋ ਜੋ ਹੁਕਮ ਖਾਲਸਾ ਪੰਥ ਪ੍ਰਤੀ ਗੁਰੂ ਸਾਹਿਬ ਵੱਲੋਂ ਤੇ ਹੁਣ ਪੰਜਾਂ ਪਿਆਰਿਆਂ ਵਲੋਂ ਹੁੰਦਾ ਹੈ ਉਹ ਸਭ ਇਸਤਰੀ ਮਰਦ ਵਾਸਤੇ ਸਾਮਾਨ ਹੈ। ਦੋਂਹਾਂ ਨੇ ਮੰਨਣਾ , ਉਸਤੇ ਚੱਲਣਾ ਤੇ ਉਸ ਤੇ ਫੁੱਲ ਚੜ੍ਹਾਉਣੇ ਹਨ । ਸਿੱਖ ਧਰਮ ਵਿਚ ਰਹਿਤਨਾਮਿਆਂ ਤੇ ਰਹਿਤ ਮਰਿਯਾਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਜੋ ਬਾਣੀ ਹੁਕਮ ਕਰਦੀ ਹੈ ਕਿ "ਸਾਬਤ ਸੂਰਤਿ ਦਸਤਾਰ ਸਿਰਾ।" (ਪੰਨਾ ੧੦੮੪) ਤਾਂ ਕੀ ਅਸੀਂ ਇਹ ਕਦੀ ਸੋਚ ਸਕਦੇ ਹਾਂ ਕਿ ਗੁਰੂ ਸਾਹਿਬ ਜਿਨ੍ਹਾਂ ਨੇ ਇਹ ਬਾਣੀ ਰਚੀ ਉਹ ਆਪ ਹੀ ਇਸ ਤੇ ਨਹੀਂ ਚੱਲੇ ? ਕਦੇ ਭੀ ਨਹੀਂ। ਕਿਉਂਕਿ ਜੋ ਗੁਰਬਾਣੀ ਵਿਚ, "ਤਨ ਮਨੁ, ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ।।" (ਪੰਨਾ 757) ਮਹਾਂਵਾਕ ਦਰਜ ਹੈ ਤਾਂ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਆਦਿ ਦੇ ਕਸ਼ਟ ਸਹਾਰ ਕੇ ਸ਼ਹੀਦੀ ਦਿੱਤੀ ਤਾਂ ਸਿੱਖ ਪੁੱਤਰਾਂ ਨੂੰ ਇਸ ਤਰ੍ਹਾਂ ਦੇ ਮੌਕਿਆਂ ਲਈ ਤਿਆਰ ਰਹਿਣ ਲਈ ਇਸ਼ਾਰਾ ਕਰ ਦਿੱਤਾ। ਇਨ ਬਿਨ ਹੀ ਸਾਰੀ ਦੀ ਸਾਰੀ ਬਾਣੀ ਸਿੱਖ ਪੁੱਤਰਾਂ ( ਇਸਤਰੀ-ਮਰਦ) ਲਈ ਹੁਕਮ ਤੇ ਸਿੱਖਿਆ ਹੈ। ਸੋ ਜੋ ਗੁਰਬਾਣੀ ਵਿਚ ਅੰਕਿਤ, "ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ।।" (ਪੰਨਾ ੧੩੭੨) ਹੁਕਮ ਅਨੁਸਾਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਿਸ਼ਾਹ ਤੱਕ ਸਿੱਖ ਬੱਚਿਆਂ ਨੂੰ ਕੇਸਾਂ ਦੀ ਮਹਾਨਤਾ ਤੇ ਮਹੱਤਤਾ, ਰਹਿਤ ਦੇ ਤੌਰ ਤੇ ਨਹੀਂ, ਰੱਬੀ ਦਾਤ ਵਜੋਂ, ਦਾ ਸਬਕ ਸਿਖਾ ਕੇ ਕੇਸਾ ਧਾਰੀ ਕਰਦੇ ਆਏ ਤਾਂ ਕੀ "ਸਾਬਤ ਸੂਰਤਿ ਦਸਤਾਰ ਸਿਰਾ" ਦੇ ਹੁਕਮ ਨੂੰ ਗੁਰੂ ਸਾਹਿਬ ਨੇ ਖਾਲਸਾ ਪੰਥ ਨੂੰ ਅੰਤਿਮ ਸ਼ਕਲ ਦੇਣ ਸਮੇਂ ਲਾਗੂ ਨਹੀਂ ਸੀ ਕਰਨਾ ? ਇਹ ਤਾਂ ਸਗੋਂ ਬਹੁਤ ਜ਼ਰੂਰੀ ਸੀ ਕਿਉਂਕਿ ਬਾਕੀ ਦੇ ਚਾਰ ਹਰੀ ਕਕਾਰਾਂ ਵਾਂਗ ਇਸ ਪੰਜਵੇਂ ਕਕਾਰ ਨਾਲ *"ਹਰਿ ਜਨੁ"* ਨੂੰ *"ਹਰਿ ਜੈਸਾ" "ਖੂਬੁ ਤੇਰੀ ਪਗਰੀ----।।"* (ਪੰਨਾ ੭੨੭) ਦੇ ਰੂਪ ਵਿਚ ਸ਼ਿੰਗਾਰ ਬਣਾ ਕੇ ਦੁਨੀਆਂ ਦੇ ਸਾਹਮਣੇ ਨਿਰਾਲੇ ਤੇ ਨਿਆਰੇ ਰੂਪ ਵਿਚ ਪੇਸ਼ ਕਰਨਾ


www.AKJ.Org

ਸੀ। ਸੋ ਨਿਆਰੇ ਤੇ ਨਿਰਾਲੇ ਪੰਥ ਦੀ ਨੀਹਾਂ "ਖੂਬੁ ਤੇਰੀ ਪਗਰੀ .......।।" ਨੂੰ ਅਮਲੀ ਰੂਪ ਦੇ ਕੇ ਐਸਾ ਪ੍ਰਪੱਕ ਕੀਤਾ ਕਿ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਸਿੱਖ ਲੁਕ ਛਿਪ ਕੇ ਝੱਟ ਲੰਘਾ ਕੇ ਗਏ ਉਹ ਅਗਾਂਹ ਵਾਸਤੇ ਐਸੇ ਕਿਸੇ ਸਮੇਂ ਆਪਣੇ ਆਪ ਨੂੰ ਲੁਕੋ ਨਾ ਸਕਣ।

ਕਈ ਸੱਜਣ, ਵੀਰ, ਭਰਾ ਇਸ ਤੇ ਕਿੰਤੂ ਕਰਦੇ ਹਨ ਕਿ ਪੰਜਵਾਂ ਕਕਾਰ, ਰਹਿਤ ਵਜੋਂ *"ਕੇਸ"* ਹਨ ਕੇਸਕੀ ਨਹੀਂ ਪਰ ਇਥੇ ਅਸੀਂ ਇਹ ਭੁੱਲ ਕਰਦੇ ਹਾਂ ਕਿ ਕੇਸ ਗੁਰੂ ਜੀ ਨੇ ਨਹੀਂ ਬਖਸ਼ੇ, ਇਹ ਪ੍ਰਮਾਤਮਾ ਨੇ ਸਭ ਨੂੰ ਦਾਤ ਵਜੋਂ ਬਖਸ਼ੇ ਹਨ। ਗੁਰੂ ਜੀ ਨੇ ਤਾਂ ਸਾਰੀਆਂ ਬਾਹਰੀ ਰਹਿਤਾਂ ਕਕਾਰਾਂ ਵਜੋਂ ਬਖਸ਼ਦੀਆਂ ਹਨ ਅਤੇ ਪਵਿੱਤਰ ਰੱਬੀ ਦਾਤ, ਕੇਸਾਂ ਨੂੰ ਸੰਭਾਲਣ ਲਈ ਦੋ ਕਕਾਰ ਬਖਸ਼ੇ *"ਕੰਘਾ ਤੇ ਕੇਸਕੀ"* ਅਤੇ ਖਾਲਸੇ ਨੂੰ ਆਪਣਾ ਰੂਪ ਬਖਸ਼ ਕੇ *"ਖਾਲਸਾ ਮੇਰੋ ਰੂਪ ਹੈ ਖਾਸ।'* ਦੀ ਪਦਵੀ ਦਿੱਤੀ। ਉਸ ਰੂਪ ਤੋਂ ਬਿਨਾਂ ਸਿੱਖ ਅੰਮ੍ਰਿਤਧਾਰੀ ਬੀਬੀਆਂ ਕਿਵੇਂ ਗੁਰੂ ਦਾ ਰੂਪ ਜਾਂ ਗੁਰੂ ਜੀ ਦੇ ਨਿੱਜ ਰੂਪ ਦੇ ਨੇੜੇ ਕਿਵੇਂ ਪੁੱਜ ਸਕਦੀਆਂ ਹਨ ? ਇਸ ਸੰਬੰਧ ਵਿਚ ਇਹ ਗੱਲ ਖਾਸ ਮਹੱਤਵਪੂਰਨ ਹੈ ਕਿ ਜੋ ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਮਿਸਟਰ ਕਨਿੰਘਮ ਆਪਣੀ ਪ੍ਰਸਿੱਧ ਪੁਸਤਕ, "ਹਿਸਟਰੀ ਆਫ ਦੀ ਸਿਖਜ਼" ਵਿਚ ਆਪਣੇ ਅੱਖੀਂ ਡਿੱਠੇ ਅਨੁਸਾਰ ਸਿੱਖ ਬੀਬੀਆਂ ਬਾਰੇ (ਮਰਦਾਂ ਬਾਰੇ ਨਹੀਂ, ਉਨ੍ਹਾਂ ਬਾਰੇ ਤਾਂ ਉਹ ਜਾਣਦਾ ਹੀ ਸੀ) ਲਿਖਦਾ ਹੈ, "The Sikh women are distinguished from Hindus of their sex by some variety of dress chiefly by a higher top knot of hair." ਭਾਵ "ਸਿੱਖ ਇਸਤਰੀਆਂ ਹਿੰਦੂ ਇਸਤਰੀਆਂ ਨਾਲੋਂ ਆਪਣੇ ਪਹਿਰਾਵੇ ਵਿਚ ਖਾਸ ਵਿਲੱਖਣਤਾ ਰੱਖਦੀਆਂ ਹਨ ਜੋ ਕਿ ਉਨ੍ਹਾਂ ਦੇ ਸਿਰ ਉਤੇ (ਭਾਵ ਦਸਮ ਦੁਆਰ ਤੇ) ਕੇਸਾਂ ਦੇ ਜੂੜੇ ਤੋਂ ਸਪਸ਼ਟ ਤੌਰ ਤੇ ਪ੍ਰਗਟ ਹੁੰਦਾ ਹੈ।" ਇਥੇ ਸਵਾਲ ਪੈਦਾ ਹੁੰਦਾ ਹੈ ਕਿ ਜਿਨ੍ਹਾਂ ਬੀਬੀਆਂ ਨੂੰ ਮਿਸਟਰ ਕਨਿੰਘਮ ਨੇ ਇਸ ਪਹਿਰਾਵੇ ਵਿਚ ਦੇਖਿਆ ਕੀ ਉਹ ਆਪਣੀ ਖੁਸ਼ੀ ਤੇ ਮਰਜ਼ੀ ਨਾਲ ਹੀ ਸਿਰ ਤੇ ਜੂੜਾ ਕਰਕੇ ਦਸਤਾਰ ਦਾ ਵਿਲੱਖਣ ਪਹਿਰਾਵਾ ਪਹਿਨਦੀਆਂ ਸਨ ਜਾਂ ਉਨ੍ਹਾਂ ਨੂੰ ਗੁਰੂ ਵੱਲੋਂ ਹੁਕਮ ਸੀ ? ਕੀ ਉਹ ਬਿਨਾਂ ਹੁਕਮ ਤੋਂ ਦਸਤਾਰ ਪਹਿਨ ਸਕਦੀਆਂ ਸਨ ਜਦ ਕਿ ਅੱਜ ਬਹੁ ਗਿਣਤੀ ਵਿਚ ਬੀਬੀਆਂ ਇਸ ਹੁਕਮ (ਮਰਜ਼ੀ ਤਾਂ ਇਕ ਪਾਸੇ ਰਹੀ) ਦੇ ਘੇਰੇ ਵਿਚ ਭੀ ਨਹੀਂ ਆਉਣਾ ਚਾਹੁੰਦੀਆਂ ? ਇਹ ਜ਼ਰੂਰ ਗੁਰੂ ਜੀ ਦਾ ਹੁਕਮ ਸੀ ਜੋ ਸੀਨਾ ਬਸੀਨਾ ਚਲਿਆ ਆ ਰਿਹਾ ਸੀ, ਇਸਤਰੀ ਮਰਦ ਦੀ ਇਕ ਸਮਾਨ ਰਹਿਤ ਦੇ ਰੂਪ ਵਿਚ, ਖਾਲਸਾ ਪੰਥ ਨੂੰ ਨਿਆਰਾ ਪ੍ਰਗਟਾਉਣ ਲਈ ਤਾਹੀਉਂ ਤਾਂ ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਇਹ ਇਸ ਤਰ੍ਹਾਂ ਅੰਕਿਤ ਹੈ, **"ਕਛ, ਕੜਾ, ਕਿਰਪਾਨ, ਕੰਘਾ, ਕੇਸਕੀ। ਪੰਜ ਕਕਾਰੀ ਰਹਿਤ ਧਾਰੇ ਸਿਖ ਸੋਈ।"** ਸੋ ਜੋ ਖਾਲਸਾ ਜੀ ਦੀ ਨਿਆਰੇ ਤੇ ਨਿਰਾਲੇ ਪਨ ਰਾਹੀਂ ਪਛਾਣ ਹਜ਼ਾਰਾਂ ਲੱਖਾਂ ਵਿਚੋਂ ਦੂਰੋਂ (ਨੇੜਿਉਂ ਹੀ ਨਹੀਂ) ਗੁਰੂ ਜੀ ਨੇ ਆਖੀ ਸੀ, ਉਹ ਦੋਵੇਂ ਇਸਤਰੀ-ਮਰਦ ਤੇ ਲਾਗੂ ਹੁੰਦੀ ਹੈ ਅਤੇ ਸਿੱਖ ਅੰਮ੍ਰਿਤਧਾਰੀ (ਖਾਲਸਾ ਸਿੰਘਣੀਆਂ ਭੀ) ਸਿੰਘਾਂ ਵਾਂਗ ਦੂਰੋਂ ਹੀ ਪਛਾਣੀਆਂ ਜਾਣੀਆਂ ਚਾਹੀਦੀਆਂ ਹਨ, ਇਹ ਗੁਰੂ ਜੀ ਦੀ ਆਗਿਆ ਸੀ ਕਿਉਂਕਿ ਹਰ ਹੁਕਮ ਖਾਲਸਾ ਰੂਪ ਵਿਚ ਦੋਨਾਂ ਲਿੰਗਾਂ ਤੇ ਲਾਗੂ ਹੁੰਦਾ ਹੈ। ਇਸ ਪੱਖੋਂ ਇਤਿਹਾਸ ਭੀ ਗਵਾਹ ਹੈ ਕਿ ਕੇਸਕੀ ਧਾਰੀ ਸਿੰਘਣੀਆਂ, ਮਾਈ ਭਾਗੋ, ਬੀਬੀ ਸਤਵੰਤ ਕੌਰ, ਬੀਬੀ ਸੁੰਦਰ ਕੌਰ ਅਤੇ ਸ਼ਰਨ ਕੌਰ ਆਦਿ ਨੇ ਸਿੱਖੀ ਦੀ ਆਨਸ਼ਾਨ ਲਈ ਵਧ ਚੜ੍ਹ ਕੇ ਤੇਗਾਂ ਵਾਹੀਆਂ। ਭਾਈ ਵੀਰ ਸਿੰਘ ਜੀ ਦੇ ਇਤਿਹਾਸਕ ਨਾਵਲ, ਲਾਹੌਰ ਕਿਲ੍ਹੇ ਤੇ ਕਲਕੱਤਾ ਅਜਾਇਬ ਘਰ ਦੇ ਸਿੰਘਣੀਆਂ ਦੇ ਕੇਸਕੀ ਸਜੇ ਚਿੱਤਰ ਇਸ ਗੱਲ ਦੀ ਹੋਰ ਗਵਾਹੀ ਭਰਦੇ ਹਨ। ਇਸ ਪਹਿਰਾਵੇ ਤੇ ਕਕਾਰੀ ਰਹਿਤ ਵਿਚ ਢਿੱਲ ਸਿੱਖਾਂ ਵਿਚ ਸੁਖ ਰਹਿਣੀ ਤੇ ਸਿੰਘਾਂ ਵਲੋਂ ਬੀਬੀਆਂ ਨੂੰ ਹਾਰ ਸ਼ਿੰਗਾਰ ਕਰਕੇ ਗੁੱਡੀਆਂ ਪਟੋਲੇ ਦੀ ਸ਼ਕਲ ਵਿਚ ਵੇਖਣ ਤੇ ਬੀਬੀਆਂ ਵਿਚ ਅਨਮਤੀਆਂ ਵਾਂਗ ਆਪੂੰ ਭੀ ਹਾਰ ਸ਼ਿੰਗਾਰ ਦੇ ਚਸਕੇ ਅਧੀਨ ਫ਼ੈਸ਼ਨ ਪ੍ਰਸਤੀ ਦੀ ਬੀਮਾਰੀ ਕਾਰਨ ਸ਼ੁਰੂ ਹੋਈ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫਰ ਦੇ ਅਕਾਲ ਤਖ਼ਤ ਦਾ ਜਥੇਦਾਰ ਬਣਨ ਸਮੇਂ ਇਸ ਰਹਿਤ ਭਾਵ ਕਕਾਰ ਨੂੰ ਧਾਰਨ ਜਾਂ ਨਾ ਧਾਰਨ ਦੀ ਸ਼ਕਲ ਦੇ ਕੇ ਢਿਲਤਾਈ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ ਕਿ ਸਿੰਘਣੀ ਦਸਤਾਰ ਸਜਾਵੇ ਜਾਂ ਨਾ ਸਜਾਵੇ, ਤਾਜ ਨੂੰ ਸਿਰੋਂ ਆਪਣੇ ਹੱਥੀਂ ਥੱਲੇ ਵਗਾਂਹ ਮਾਰਿਆ। ਸੋਚਿਆ ਜਾਵੇ ਦਸਤਾਰ ਸਜੇ ਸਿੰਘ ਸਿੰਘਣੀਆਂ ਨਾਲ ਖਾਲਸੇ ਦੀ ਸ਼ਾਨ ਵਧਦੀ ਹੈ ਜਾਂ ਅਨਮਤੀਆਂ ਦੇ ਭੇਸ ਵਿਚ ਅੱਧੀ ਖਾਲਸਾ ਕੌਮ ਦੀ ਲਹਿੰਦੀ ਡਿੱਗਦੀ ਚੁੰਨੀ ਨਾਲ ? ਸਿੱਖੀ ਨੂੰ ਹਰ ਤਰ੍ਹਾਂ ਦੀ ਢਾਹ ਲਾਉਣ ਵਾਲੇ ਇਸ ਨੂੰ ਆਪਣੇ ਹੱਥੀਂ ਲਾਹ ਕੇ ਭੁੰਜੇ ਸੁੱਟੇ ਗਏ ਤਾਜ ਤੇ ਬੜੇ ਖੁਸ਼ ਹਨ ਕਿਉਂਕਿ ਇਸ ਕਰਕੇ ਦੇਖਣ ਵਾਲੇ ਨੂੰ ਭੀ ਤੇ ਕੇਸਕੀ ਸਜਾਏ


www.AKJ.Org

ਸਿੰਘ ਸਿੰਘਣੀ ਨੂੰ ਮਹਿਸੂਸ ਹੁੰਦਾ ਸੀ ਇਥੇ ਸਿੱਖੀ ਹੈ। ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ ਐਵੇਂ ਕਿਸੇ ਤੇ *'ਮੈਂ ਨਾ ਮਾਨੂੰ'* ਦੇ ਵਹਿਣ ਵਿਚ ਉਂਗਲੀ ਚੁਕਣੀ ਨੁਕਸਾਨ ਦੇਹ ਹੀ ਹੈ।

ਕਿਉਂਕਿ ਜੋ ਸਿੰਘ ਸਿੰਘਣੀਆਂ ਕੇਸਕੀ ਨੂੰ ਰਹਿਤ ਵਜੋਂ ਸਜਾਉਂਦੇ ਹਨ ਉਹ ਗੁਰੂ ਜੀ ਦੇ ਹੁਕਮ ਨੂੰ ਸਿਰ ਮੱਥੇ ਮੰਨ ਕੇ ਇਸ ਨੂੰ ਪੰਜਵੇਂ ਕਕਾਰ ਦੇ ਰੂਪ ਵਿਚ ਸਜਾਉਂਦੇ ਹਨ ਕੇਸਕੀ ਸਜਾਉਣ ਸਮੇਂ ਕੇਸੀ ਇਸ਼ਨਾਨ ਕਰਕੇ, ਕੰਘਾ ਕਰਕੇ ਉਚ ਦੁਮਾਲੜਾ ਭਾਵ ਤਾਜ ਸਿਰ ਤੇ ਰੱਖਦੇ ਹਨ। ਇਸਦੇ ਪਿੱਛੇ ਕੋਈ ਕਿਸੇ ਤਰ੍ਹਾਂ ਦਾ ਸਵਾਰਥ ਨਹੀਂ, ਸਿਰਫ ਗੁਰੂ ਹੁਕਮਾਂ ਤੇ ਪਹਿਰਾ ਦੇ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ। ਇਸਦੇ ਨਾਲ *'ਹੁਕਮਨ ਸਿਰ ਹੁਕਮ'* ਜਿੰਨਾਂ ਭੀ ਹੋ ਸਕੇ ਨਾਮ ਜਪਣ ਤੇ ਬਾਣੀ ਪੜ੍ਹਨ ਵਿਚ ਸਮਾਂ ਲਾਉਣ ਲਈ ਤਾਂਘਦੇ ਰਹਿੰਦੇ ਹਨ। ਸੋ ਇਸ ਕਕਾਰ ਨੂੰ ਗੁਰੂ ਜੀ ਵਲੋਂ ਬਖ਼ਸ਼ਿਆ ਤਾਜ ਸਮਝ ਕੇ ਸੀਸ ਸਜਾਉਦੇ ਹਨ ਤੇ ਖਾਲਸਾ ਪੰਥ ਦੀ ਸ਼ਾਨ ਵਧਾਉਂਦੇ ਹਨ ਤੇ ਸਮਾਂ ਪੈਣ ਤੇ ਪੰਥ ਲਈ ਜਿੰਨੀ ਹੋ ਸਕੇ ਕੁਰਬਾਨੀ ਕਰਨ ਲਈ ਭੀ ਹਾਜ਼ਰ ਰਹਿੰਦੇ ਹਨ। ਦਸਤਾਰਧਾਰੀ ਬੀਬੀਆਂ ਤਾਂ ਸਿੰਘਾਂ ਦੇ ਨਾਲ ਨਾਲ ਨਿਆਰੇ ਨਿਰਾਲੇ ਹੋਣ ਦੀ ਪਛਾਣ ਦੁਆਰਾ ਸਿਰ ਵਿਚ ਮਿੱਟੀ ਘੱਟਾ ਪੈਣ ਤੋਂ ਪਵਿੱਤਰ ਕੇਸਾਂ ਨੂੰ ਬਚਾਉਂਦੀਆਂ ਹਨ ਪਰ ਨੰਗੇ ਸਿਰ ਜਾਂ ਸਿਰ ਤੋਂ ਲਹਿੰਦੀ ਡਿਗਦੀ ਚੁੰਨੀ ਪਹਿਨਣ ਵਾਲੀਆਂ ਬੀਬੀਆਂ ਨਾ ਤਾਂ ਨਿਆਰੇ ਖਾਲਸੇ ਦੀ ਪਛਾਣ ਕਰਵਾ ਸਕਦੀਆਂ ਹਨ ਤੇ ਨਾ ਹੀ ਸਿਰ ਵਿਚ ਮਿੱਟੀ ਘੱਟਾ ਪੈਣ ਤੋਂ ਪਵਿੱਤਰ ਕੇਸਾਂ ਨੂੰ ਬਚਾ ਸਕਦੀਆਂ ਹਨ। ਉਹ ਤਾਂ ਅਨਮਤੀ ਬੀਬੀਆਂ ਵਿਚ ਹੀ ਮਿਲਗੋਭਾ ਨਜ਼ਰ ਆਉਂਦੀਆਂ ਹਨ। ਨਿਰਾਲਾ-ਪਨ ਤਾਂ ਇਨ੍ਹਾਂ ਚੁੰਨੀ ਪਹਿਨਣ ਵਾਲੀਆਂ ਬੀਬੀਆਂ ਨੇ ਕੀ ਪ੍ਰਗਟ ਕਰਨਾ ਲੱਖਾਂ ਚੋਂ, ਇਹ ਤਾਂ ਕਿਸੇ ਤਰ੍ਹਾਂ ਦੀ ਸਵਾਰੀ ਕਰਨ ਸਮੇਂ ਚੁੰਨੀ ਨੂੰ ਕਿਵੇਂ ਸਿਰ ਤੇ ਰੱਖ ਕੇ ਗੁਰੂ ਹੁਕਮ ਅਨੁਸਾਰ ਸਿਰ ਨੂੰ ਢਕ ਕੇ ਰੱਖ ਸਕਦੀਆਂ ਹਨ ? ਗੁਰੂ ਜੀ ਦਾ ਹੁਕਮ ਮੰਨਣਾਂ ਤਾਂ ਜ਼ਰੂਰੀ ਹੈ, ਨਾ ਮੰਨਣਾਂ *"ਵਿਛੁੱੜ ਚੋਟਾ ਖਾਇ"* ਗੁਰੂ ਜੀ ਦੀ ਚਿਤਾਵਨੀ ਹੈ।

ਸੋ ਸਿੱਖੀ ਨੂੰ ਸਿੱਖੀ ਰੂਪ ਵਿਚ ਪੇਸ਼ ਕਰਨ ਤੇ ਸਿੱਖੀ ਦੀ ਢਹਿੰਦੀ ਕਲਾ ਨੂੰ ਚੜ੍ਹਦੀ ਕਲਾ ਵਿਚ ਕਰਨ ਹਿਤ *"ਕੇਸਕੀ"* ਨੂੰ ਪਹਿਲਾਂ ਵਾਂਗ ਕਕਾਰ ਦਾ ਦਰਜਾ ਹਰ ਅੰਮ੍ਰਿਤਧਾਰੀ ਖਾਲਸੇ (ਸਿੰਘ, ਸਿੰਘਣੀ) ਨੂੰ ਤੇ ਖਾਸ ਕਰਕੇ ਸਿੱਖੀ ਦੀ ਜੜ੍ਹ (ਬੀਬੀਆਂ) ਨੂੰ ਦੇ ਕੇ ਸਿੱਖ ਪੰਥ ਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਹੰਭਲਾ ਮਾਰਨਾ ਚਾਹੀਦਾ ਹੈ। ਗੁਰੂ ਸਹਾਈ ਹੋਵੇ ਇਸ ਮਹਾਨ ਕਾਰਜ ਵਿਚ।

## ਰੁਬਾਈਆਂ

(ਗਿਆਨੀ ਗੋਪਾਲ ਸਿੰਘ)

੧. ਸਿਮਰਨ ਕਰਨਾ ਔਖਾ ਨਹੀਂ ਹੈ, ਲੋਕੀਂ ਕਹਿੰਦੇ ਬਹੁਤ ਆਸਾਨ।
'ਵਾਹਿਗੁਰੂ' 'ਵਾਹਿਗੁਰੂ' ਕਹਿੰਦੇ ਜਾਵੋ, ਪਕ ਜਾਵੇਗੀ ਆਪ ਜ਼ੁਬਾਨ।
ਰੌਂ ਰੁਮਕੇਗੀ ਲਗਾਤਾਰ, ਫਿਰ ਆਪੇ ਬਣ ਜਾਵੇਗਾ ਜਾਪ।
ਊਠਤ ਬੈਠਤ ਸੋਵਤ ਜਾਗਤ, ਸਦਾ ਨਿਰੰਤਰ ਰਹੇ ਧਿਆਨ।
੨. ਜਿਹਬਾ ਉੱਤੇ ਸਿਮਰਨ ਆ ਕੇ, ਹਿਰਦੇ ਵਿਚ ਕਰੇ ਪਰਵੇਸ਼।
ਸੁਰਤ ਉਚੇਰੀ ਉੱਠਦੀ ਜਾਵੇ, ਮਿਟਦੇ ਜਾਵਨ ਕਲਹ ਕਲੇਸ਼।
ਜਦ ਧਿਆਨ ਹੋ ਜਾਇ ਪਕੇਰਾ, ਪ੍ਰਾਣਾਂ ਵਿਚ ਸਿੰਜਰੇ ਹਰਿਨਾਮ,
'ਮਿੱਤਰ' ਰੋਮ ਰੋਮ ਦੇ ਅੰਦਰ, ਰੌਂ ਇਹ ਜਾਰੀ ਰਹੇ ਹਮੇਸ਼।
੩. ਬਣਿਆ ਹੈ ਆਹਾਰ ਮਿਤ੍ਰ ਜੀ ਜੋ ਖਾਵੇ ਸੋਈ ਤ੍ਰਿਪਤਾਵੇ।
ਠੀਕ ਇਵੇਂ ਹੀ ਨਾਮ ਅਰਾਧਨ, ਜੋ ਧਿਆਵੇ ਸੋਈ ਫਲ ਪਾਵੇ।
ਇਹ ਫਲ ਹੈ ਆਨੰਦ ਤੇ ਖੇੜਾ, ਏਹ ਦਸ਼ਾ ਹੈ 'ਸਦਾ ਵਿਗਾਸ'।
ਏਸ ਅਵਸਥਾ ਅੰਦਰ ਵਿਚਰੇ, ਉਸਦੀ ਮਹਿਮਾ ਕਥਨ ਨ ਆਵੇ
੪. ਏਸ ਰਾਹ ਤੇ ਤੁਰਨ ਲਈ ਜਗਿਆਸੂ ਹੋਵੇ ਦ੍ਰਿੜ੍ਹ ਵਿਸ਼ਵਾਸੀ।
ਰੱਬੀ ਨਦਰ ਕਰਮ ਦਾ ਪਾਤਰ ਬਣ ਕੇ, ਸਿਮਰੇ ਪ੍ਰਭੁ ਅਬਿਨਾਸੀ।
ਜਿਉਂ ਕਾਲਖ ਨੂੰ ਕੱਟੇ ਸਾਬਣ, ਸਿਮਰਨ ਦੁਰਮਤ ਮੈਲ ਨਿਵਾਰੇ,
ਸਹਿਜੇ ਸਹਿਜ ਉਚੇਰੀ ਹੋ ਕੇ, ਸੁਰਤ ਵਾਹਿਗੁਰੂ ਸ਼ਰਨ ਸਮਾਸੀ



www.AKJ.Org

# ਵਡਿਆਈ ਦੀ ਭੁੱਖ

(ਰਜਿੰਦਰ ਸਿੰਘ ਵਿਦਿਆਰਥੀ, ਸਿੰਘਾ ਪੁਰ)

ਆਪਣੇ ਟੁੱਟੇ ਹੋਏ ਖਡੌਣੇ ਨੂੰ ਗੋਂਦ ਨਾਲ ਚੇਪੀਆਂ ਲਾ ਕੇ ਜੋੜ ਰਿਹਾ ਇਕ ਬਾਲਕ ਪਾਸ ਬੈਠੇ ਗੱਲੀਂ ਲੱਗੇ ਪਰਵਾਰ ਦੇ ਜੀਆਂ ਵੱਲ ਘੜੀ ਮੁੜੀ ਸ਼ਰਧਾ ਭਰੀਆਂ ਝਾਤੀਆਂ ਮਾਰ ਰਿਹਾ ਸੀ। ਉਨ੍ਹਾਂ ਸਾਰਿਆਂ ਦਾ ਧਿਆਨ ਵੀ ਓਸੇ ਵੱਲ ਹੀ ਸੀ। ਕੁੱਝ ਮਿੰਟਾਂ ਬਾਦ ਖਡੋਣੇ ਫੌਜੀ ਨੂੰ ਪੈਰਾਂ ਭਾਰ ਖੜਾ ਕਰਨ ਅਤੇ ਚਾਬੀ ਲਾ ਕੇ ਤੁਰਨ ਵਿਚ ਉਹ ਸਫਲ ਹੋ ਗਿਆ ਅਤੇ ਨਾਲ ਹੀ ਸਭਨਾਂ ਵਲੋਂ *"ਵਾਹ ਬਈ ਬਾਹ !.......ਵਾਹ ਵਾਹ"* ਅਖਰਾਂ ਦੁਆਰਾ ਆਪਣੀ ਵਡਿਆਈ ਹੁੰਦੀ ਸੁਣੀ ਤਾਂ ਉਸ ਦੀਆਂ ਅੱਖਾਂ ਵਿਚ ਕੋਈ ਨਿਰਾਲੀ ਚਮਕ ਅਤੇ ਚਿਹਰੇ ਪਰ ਅਗੰਮ ਦੀ ਲਾਲੀ ਪਰਸ ਗਈ। ਉਸ ਉਸਤਤੀ ਨੂੰ ਹੋਰ ਵੀ ਸੁਣਨ ਦੀ ਚਾਹਤ ਨਾਲ ਉਸ ਖਡੌਣੇ ਨੂੰ ਮੁੜ ਮੁੜ ਪਿਛਾਂਹ ਲਿਜਾ ਕੇ, ਫੇਰ ਅੱਗੇ ਤੋਰਦਾ ਅਤੇ ਮਨ ਦੀ ਸਾਰੀ ਬਿਰਤੀ ਉਨ੍ਹਾਂ ਦੇ ਕਹੇ ਜਾ ਰਹੇ ਇੱਕ ਇੱਕ ਅੱਖਰ ਸੁਣਨ ਵਲ ਲਾਉਣ ਲੱਗਾ।

ਅਜੇਹਾ ਕੁਦਰਤੀ ਵਰਤਾਰਾ ਇੱਕਲੇ ਉਸ ਬੱਚੇ ਨਾਲ ਹੀ ਨਹੀਂ ਸਗੋਂ ਅਸਾਡੀ ਜੀਵਨੀ ਦੇ ਹਰ ਸਮੇਂ ਵਿੱਚ ਅਸੀਂ ਆਪਣੇ ਨਾਲ ਵੀ ਵਰਤਦਾ ਵੇਖਦੇ ਹਾਂ। ਅਸੀਂ ਜਿਨ੍ਹਾਂ ਦਾ ਸਤਿਕਾਰ ਕਰਦੇ ਜਾਂ ਜਿਨ੍ਹਾਂ ਤੋਂ ਕੁਝ ਪ੍ਰਾਪਤ ਕਰਨ ਦੀ ਆਸ ਰਖਦੇ ਹਾਂ, ਉਨ੍ਹਾਂ ਦੇ ਮਨ ਵਿੱਚ ਆਪਣੇ ਪ੍ਰਤੀ ਮਾਣ ਪ੍ਰਤਿਸ਼ਟਾ ਦੇ ਨਾਲ ਉਨ੍ਹਾਂ ਦੇ ਮੂਹੋਂ ਆਪਣੀ ਵਡਿਆਈ ਸੁਣ ਕੇ ਵੱਡਾ ਧੀਰਜ ਪ੍ਰਤੀਤ ਕਰਦੇ ਅਤੇ ਮਨ ਵਿੱਚ ਕਦੇ ਫੁੱਲੇ ਵੀ ਨਹੀਂ ਸਮਾਉਂਦੇ। ਕੀ ਇਹ ਕੋਈ ਭੁੱਲ ਹੈ ? ਨਹੀਂ ! ਸਗੋਂ ਇੱਕ ਐਸਾ ਲੁਕਵਾਂ ਗੁਣ ਹੈ ਕਿ ਜਿਸ ਦੀ ਵਰਤੋਂ ਸੁੱਧ ਅਤੇ ਨਿਰਕਪਟ ਭਾਵਨਾ ਨਾਲ ਕਰਦਿਆਂ ਜੀਵਨ ਦੀਆਂ ਮੁੱਢਲੀਆਂ ਤੋਂ ਅੰਤਲੀਆਂ ਪਉੜੀਆਂ ਚੜ੍ਹਨ ਵਿਚ ਕੋਈ ਰੁਕਾਵਟ ਨਹੀਂ ਆਉਂਦੀ। ਇਸ ਲਾਲਸਾ ਹੇਠ ਅਸੀਂ ਕੇਵਲ ਓਹ ਹੀ ਤੇ ਵੈਸੇ ਹੀ ਕੰਮ ਕਰਦੇ ਰਹਾਂਗੇ ਜੋ ਚਤਰਾਈ ਅਤੇ ਹਉਮੈ ਦੀ ਥਾਂ, ਨਿਸ਼ਕਾਮਤਾ ਅਤੇ ਚਾਕਰੀ ਦੇ ਹੀ ਪ੍ਰਤੀਕ ਹੋਣ, ਉਸ ਮਾਸੂਮ ਬੱਚੇ ਜਾਂ ਕਿਸੇ ਘਰੇਲੂ ਸੇਵਕ ਵਾਂਙੂ ਨਿਰਮਾਣ। ਸਤਿਗੁਰੂ ਨਾਨਕ ਦੇ ਉਚਾਰੇ ਇਨ੍ਹਾਂ ਬਚਨਾਂ ਅਨੁਸਾਰ ਤਨੋ-ਮਨੋ ਸੇਵਕ ਹੀ ਬਣੇ ਰਹੀਏ :-

ਐਸੀ ਸੇਵਕੁ ਸੇਵਾ ਕਰੈ।।
ਜਿਸ ਕਾ ਜੀਉ ਤਿਸੁ ਆਗੈ ਧਰੈ।।
ਸਾਹਿਬ ਭਾਵੈ ਸੋ ਪਰਵਾਣੁ।।
ਸੋ ਸੇਵਕੁ ਦਰਗਹ ਪਾਵੈ ਮਾਣੁ।।੩।।

(ਧਨਾਸਰੀ ਮ: ੧, ੬੬੧)

ਐਸੀ ਲਗਨ ਜਦੋਂ ਪਰਪੱਕ ਹੋ ਜਾਂਦੀ ਹੈ ਤਾਂ ਬੰਦਾ ਆਪਣੀ ਰਹਿਣੀ, ਬਹਿਣੀ, ਕਰਨੀ ਅਤੇ ਕਥਨੀ ਨੂੰ ਉਨ੍ਹਾਂ ਹੀ ਸੰਸਕਾਰਾਂ ਦੇ ਆਧਾਰ ਤੇ ਸੰਜਮ ਅੰਦਰ ਰਖਦਾ ਹੈ। ਪਰਿਵਾਰਕ ਅਤੇ ਭਾਈ-ਚਾਰਕ ਵਰਤ-ਵਿਹਾਰ, ਇਸੇ ਵਡਿਆਈ ਦੀ ਲਾਲਸਾ ਦੇ ਗੁਣ ਸਦਕਾ, ਉਸ ਦੀ ਜੀਵਨ ਫੁਲਵਾੜੀ, ਆਲੇ- ਦੁਆਲੇ ਦੀ ਸਦ-ਭਾਵਨਾ ਦੇ ਰੰਗ-ਬਰੰਗੇ ਫੁਲਾਂ ਦੀ ਸੁਗੰਧੀ ਨਾਲ ਮਹਿਕ ਉਠਦੀ ਹੈ। ਅਜਿਹੀ ਪ੍ਰੀਤ ਅਤੇ ਮਿਤ੍ਰਾਚਾਰੀ ਦੀ ਸਾਂਝ ਲਈ ਅਸਾਨੂੰ ਗੁਰੂ ਸਬਦ ਰਾਹੀਂ ਪ੍ਰੇਰਨਾ ਇੰਝ ਮਿਲਦੀ ਹੈ:-

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।।
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।।
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।।
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ।।

(ਸੂਹੀ ਮ: ੧, ੭੬੫)

ਨਾਮ ਸਿਮਰਨ ਦੀ ਗੋਂਦ ਨਾਲ ਸ਼ੁਭ ਗੁਣਾਂ ਦੀਆਂ ਚੇਪੀਆਂ ਲਾ ਕੇ ਸਰੀਰ ਦੇ ਖਡੌਣੇ ਨੂੰ ਗੰਢੀਏ ਅਤੇ ਸਵਾਸਾਂ ਦੀ ਚਾਬੀ ਲਾ ਕੇ ਉਸ ਬੱਚੇ ਵਾਂਙੂ, ਰੱਬ ਜੀ ਅਤੇ ਰੱਬ ਦੇ ਬੰਦਿਆਂ ਰਾਹੀਂ ਹੁੰਦੀ ਵਡਿਆਈ ਦੁਆਰਾ ਆਤਮਾ ਦਾ ਕੰਵਲ ਖਿੱਲ ਉੱਠਦਾ ਹੈ।

ਸੰਸਾਰਕ ਜੀਵਨ ਦੇ ਨਾਲ ਲਗਦੀ ਪਉੜੀ ਆਤਮਕ ਅਵੱਸਥਾ ਹੈ, ਜਿਸਦੀ ਸੂਝ ਗੁਰਬਾਣੀ ਪੜ੍ਹ ਸੁਣ ਅਤੇ ਸਿਦਕ ਨਾਲ ਮੰਨ ਕੇ ਹੁੰਦੀ ਹੈ। ਮਨੁੱਖਾ ਦੇਹ ਵਿੱਚ ਆਉਣ ਦੇ ਤੱਤ-ਸਾਰ ਨੂੰ ਭਲੀ-ਭਾਂਤ ਦ੍ਰਿੜ ਕਰਾਉਣ ਲਈ ਗੁਰੂ ਨਾਨਕ ਨੇ ਆਪ ਅਮਲੀ ਜੀਵਨ ਜੀਊਂ ਕੇ ਦਰਸਾਇਆ ਸੀ, ਕਿ ਮਨੁਖ ਘਰ-ਘਾਟ ਗ੍ਰਹਿਸਤ ਅਤੇ ਕਾਰ ਵਿਹਾਰ ਨਿਭਾਉਦਾ ਹੋਇਆ ਆਪਣੀ ਆਤਮਾ ਨੂੰ ਪਰਮਾਤਮਾ ਨਾਲ ਕਿਵੇਂ ਜੋੜ ਕੇ ਰੱਖ ਸਕਦਾ ਹੈ। ਇਸ ਮਾਰਗ ਨੂੰ ਭਾਈ ਗੁਰਦਾਸ ਨੇ *"ਗਾਡੀ ਰਾਹ"* ਕਹਿ ਕੇ ਸਨਮਾਨਿਆ ਹੈ। ਬੜੀ ਹੀ ਸੁਖੈਣ ਬੋਲੀ ਵਿੱਚ ਅਤੇ ਮਿੱਠੇ ਸ਼ਬਦਾ ਨੂੰ ਢੁਕਵੇਂ ਤੋਲ ਦੀ ਕਵਿਤਾ ਰਾਹੀਂ ਮਰਦਾਨੇ ਦੀ ਰੁਬਾਬ ਦੀਆਂ ਸੁਰੀਲੀਆਂ ਸੁਰਾਂ ਦੇ ਮੇਲ ਨਾਲ, ਜਿਵੇਂ ਪਹਿਲਾਂ ਗੁਰੂ ਨਾਨਕ ਨੇ ਗਾਂਵਿਆ, ਫਿਰ ਨੌਵਾਂ ਵਿਅਕਤੀਆਂ ਅਤੇ ਉਪ੍ਰੰਤ

*ਬਾਕੀ ਪੰਨਾ ੩੯ ਤੇ*



www.AKJ.Org

# ਨਾਮ

(ਸੂਬੇਦਾਰ ਧਰਮ ਸਿੰਘ ਸੁੱਜੋਂ, ਯੂ. ਕੇ)

"ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ" (761)

ਜਦੋਂ ਤੋਂ ਸੰਸਾਰ ਅੰਦਰ ਗੁਰੂ ਤੇ ਚੇਲੇ ਦੀ ਪਰਪਾਟੀ ਸ਼ੁਰੂ ਹੋਈ ਹੈ, ਉਦੋਂ ਤੋਂ ਹੀ ਗੁਰੂ ਜੋ ਸ਼ਬਦ ਆਪਣੇ ਚੇਲੇ ਨੂੰ ਜਪਣ ਲਈ ਦਿੰਦਾ ਹੈ ਉਸ ਨੂੰ 'ਨਾਮ' ਕਰਕੇ ਆਖਿਆ ਜਾਂਦਾ ਹੈ। ਇਸ ਨਾਮ ਨੂੰ, ਗੁਰ-ਸ਼ਬਦ ਜਾਂ ਗੁਰਮੰਤ੍ਰ ਭੀ ਆਖਦੇ ਹਾਂ। ਇਸੀ ਰੀਤੀ ਅਨੁਸਾਰ, ਗੁਰਬਾਣੀ ਵਿਚ ਭੀ ਨਾਮ, ਗੁਰ-ਮੰਤ੍ਰ ਅਤੇ ਗੁਰ-ਸ਼ਬਦ ਸਮ-ਅਰਥਾਂ ਵਿਚ ਵਰਤੇ ਮਿਲਦੇ ਹਨ। ਅਕਸਰ ਐਸੀਆਂ ਤੁੱਕਾਂ ਭੀ ਮਿਲਦੀਆਂ ਹਨ ਜਿਨ੍ਹਾਂ ਵਿਚ, ਨਾਮ ਅਤੇ ਗੁਰ-ਸ਼ਬਦ ਦੀ ਵਰਤੋਂ ਇੱਕਠੀ ਹੀ ਕੀਤੀ ਭੀ ਮਿਲਦੀ ਹੈ ਜਿਵੇਂ ਕਿ :-

1. ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ।। (644)

ਭਾਵ ਸ਼ਬਦ ਦੀ ਕਮਾਈ ਦੁਆਰਾ ਨਾਮ, ਗੁਪਤੋਂ ਪ੍ਰਗਟ ਹੁੰਦਾ ਹੈ, ਸ਼ਬਦ ਦੀ ਕਮਾਈ ਦੁਆਰਾ ਹੀ ਨਾਮ ਨਾਲ ਮਿਲਾਪ ਹੁੰਦਾ ਹੈ।

2. ਗੁਰ ਕੈ ਸਬਦਿ ਜੀਵਤੁ ਮਰੈ
ਹਰਿ ਨਾਮੁ ਵਸੈ ਮਨਿ ਆਇ।। (33)

ਗੁਰੂ ਦੇ ਸ਼ਬਦ ਦੀ ਇਤਨੀ ਕਮਾਈ ਕਰੇ, ਕਿ ਮਾਨੋ ਜੀਵਦਿਆਂ ਹੀ ਮਰ ਰਹੇ। ਭਾਵ ਬੇਅੰਤ ਕਮਾਈ ਕਰੇ ਤਾਂ ਹਰੀ ਦਾ ਨਾਮ ਮਨ ਵਿਚ ਵਸਦਾ ਹੈ।

3. ਨਾਮ ਨਿਧਾਨ ਤਿਸਹਿ ਪਰਾਪਤਿ
ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ।। (101)

ਨਾਮ ਦਾ ਖਜ਼ਾਨਾ ਉਸੀ ਪਰਾਣੀ ਨੂੰ ਪਰਾਪਤ ਹੁੰਦਾ ਹੈ ਜਿਸ ਦੇ ਮਨ ਵਿਚ ਕਮਾਈ ਕਰਕੇ ਗੁਰੂ ਦਾ ਸ਼ਬਦ ਵਸਿਆ ਹੈ।

4. ਬਿਨੁ ਸਬਦੈ ਨਾਮੁ ਨ ਪਾਏ ਕੋਈ
ਗੁਰ ਕਿਰਪਾ ਮੰਨਿ ਵਸਾਵਣਿਆ।। (124)

ਸ਼ਬਦ ਦੀ ਕਮਾਈ ਤੋਂ ਬਗੈਰ, ਕਿਸੀ ਨੂੰ ਭੀ ਨਾਮ ਪਰਾਪਤ ਨਹੀਂ ਹੁੰਦਾ। ਗੁਰੂ ਦੀ ਕ੍ਰਿਪਾ ਦੁਆਰਾ ਹੀ ਨਾਮ ਮਨ ਵਿਚ ਵਸਦਾ ਹੈ।

ਇਨ੍ਹਾਂ ਉਪਰ ਦਿੱਤੇ ਗੁਰ ਫੁਰਮਾਨਾਂ ਅੰਦਰ ਸਪਸ਼ਟ ਸੰਕੇਤ ਮਿਲਦਾ ਹੈ ਕਿ ਸ਼ਬਦ ਦੀ ਅਤੁਟ ਕਮਾਈ ਦੁਆਰਾ ਹੀ ਨਾਮ ਉਪਜਦਾ ਹੈ। ਨਾਮ ਮਨ ਵਿਚ ਵਸਦਾ ਹੈ ਜਾਂ ਨਾਮ ਨਾਲ ਮਿਲਾਪ ਹੁੰਦਾ ਹੈ। ਇਸ ਤੋਂ ਪਰਤੀਤ ਹੁੰਦਾ ਹੈ ਕਿ ਨਾਮ ਅਤੇ ਗੁਰ-ਸ਼ਬਦ ਇਕ ਸ਼ੈ ਨਹੀਂ ਹੈ। ਸਗੋਂ ਇਹ ਦੋ ਵੱਖੋ ਵੱਖ ਚੀਜ਼ਾਂ ਹਨ। ਫਿਰ 'ਨਾਮ' ਦਾ ਕੀ ਅਰਥ ਹੋਇਆ ? ਨਾਮ ਦੀ ਹਕੀਕਤ ਕੁਝ ਹੋਰ ਭੀ ਰਹੱਸ ਮਈ ਜਾਂ ਭੇਦ ਭਰਪੂਰ ਹੋ ਜਾਂਦੀ ਹੈ ਜਦੋਂ ਅਸੀਂ ਸੁਖਮਨੀ ਸਾਹਿਬ ਵਿਚ ਪੜ੍ਹਦੇ ਹਾਂ ਕਿ :

"ਨਾਮ ਕੇ ਧਾਰੇ ਸਗਲੇ ਜੰਤ।।
ਨਾਮ ਕੇ ਧਾਰੇ ਖੰਡ ਬ੍ਰਹਮੰਡ ।।"
(ਸੁਖਮਨੀ16)(੨੮੪)

ਕੋਈ ਸ਼ਬਦ ਜਾਂ ਲਫਜ਼, ਕਿਸੀ ਜੀਵ ਜੰਤੂ ਦੀ ਸ਼ਕਲ ਕਿਵੇਂ ਧਾਰਦਾ ਹੈ ਅਤੇ ਨਾਮ ਤੋਂ ਖੰਡਾਂ ਬ੍ਰਹਮੰਡਾਂ ਦੀ ਉਤਪਤੀ ਕਿਵੇਂ ਹੁੰਦੀ ਹੈ ? ਇਸ ਬਾਰੇ ਨਾਂ ਤੇ ਕੋਈ ਧਾਰਮਕ ਸਿਧਾਂਤ ਅਤੇ ਨਾਂ ਹੀ ਕੋਈ ਸਾਂਇੰਸ ਦੀ ਥੀਊਰੀ ਹੀ ਉਪਲਭਦ ਹੈ ਜਿਸ ਤੋਂ ਇਹ ਪਤਾ ਚਲਦਾ ਹੋਵੇ ਕਿ ਨਾਮ ਤੋਂ ਜੀਵ ਜੰਤੂ ਅਤੇ ਖੰਡਾਂ ਬ੍ਰਹਮੰਡਾਂ ਦੀ ਰਚਨਾ ਕਿਵੇਂ ਹੁੰਦੀ ਹੈ ? ਦੂਸਰੇ ਪਾਸੇ ਅਸੀਂ ਪੜ੍ਹਦੇ ਹਾਂ ਕਿ :-

"ਏਕ ਨੂਰ ਤੇ ਸਭ ਜਗੁ ਉਪਜਿਆ " (1349)

ਇਕ ਪਾਸੇ ਤਾਂ ਜਗਤ ਦੀ ਉਤਪਤੀ 'ਏਕ ਨੂਰ' ਤੋਂ ਹੋਈ ਦੱਸੀ ਗਈ ਹੈ ਅਤੇ ਦੂਜੇ ਪਾਸੇ, ਖੰਡਾਂ ਬ੍ਰਹਮੰਡਾਂ ਦੀ ਰਚਨਾ, ਨਾਮ ਤੋਂ ਹੁੰਦੀ ਹੈ, ਇਹ ਪੜ੍ਹ ਕੇ ਸ਼ਕ ਵਿਚ ਪੈ ਜਾਈਦਾ ਹੈ ਕਿ ਇਨ੍ਹਾਂ ਦੋਂ ਗੁਰ ਫੁਰਮਾਨਾਂ ਵਿੱਚੋਂ ਕੇਹੜਾ ਠੀਕ ਤੇ ਕੇਹੜਾ ਗ਼ਲਤ ਹੈ। ਗੁਰਬਾਣੀ, ਧੁਰ ਕੀ ਬਾਣੀ ਜਾਂ ਖਸਮ ਕੀ ਬਾਣੀ ਹੋਣ ਦੇ ਨਾਤੇ, ਨਾਂ ਹੀ ਗਲਤ ਹੋ ਸਕਦੀ ਹੈ ਅਤੇ ਨਾ ਹੀ ਇਸ ਵਿਚ ਮਿਲਦੇ ਕੋਈ ਵਿਚਾਰ ਇਕ ਦੂਸਰੇ ਤੋਂ ਉਲਟ, ਮੁਤਜਾਦ ਜਾਂ Self Contradictory ਹੋ ਸਕਦੇ ਹਨ। ਕਿਆ, ਕਿਤੇ 'ਨੂਰ' ਅਤੇ 'ਨਾਮ' ਇਕ ਹੀ ਹਸਤੀ ਜਾਂ ਹਕੀਕਤ ਦੇ ਦੋ ਵਖੋ ਵਖ ਨਾਮ ਤੇ ਨਹੀਂ ? ਆਓ ਇਸ ਰਾਜ਼ ਜਾਂ ਘੁੰਡੀ ਨੂੰ ਹਲ ਕਰਨ ਦਾ ਯਤਨ ਕਰੀਏ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਦਰਜ ਹੈ :-

ਨਿਰੰਕਾਰ ਆਕਾਰ ਹੋਇ, ਏਕੰਕਾਰ ਅਪਾਰ ਸਦਾਇਯਾ।।
ਏਕੰਕਾਰਹੁ ਸਬਦ ਧੁਨ, ਓਅਕੰਾਰ ਆਕਾਰ ਬਣਾਇਯਾ।।
(ਵਾਰ 26)

ਇਸ ਦੋ ਤੁਕੀ ਅੰਦਰ, ਅਕਾਲ-ਪੁਰਖ ਦੇ ਤਿੰਨ ਰੂਪ ਬਿਆਨ ਕੀਤੇ ਗਏ ਹਨ। ਪਹਿਲਾ ਰੂਪ ਨਿਰੰਕਾਰ, ਦੂਸਰਾ ਓਅਕੰਾਰ ਅਤੇ ਤੀਸਰਾ, ਸ਼ਬਦ ਧੁਨ, ਨਾਲ ਹੀ ਇਹ ਭੀ ਸਪਸ਼ਟ ਕਰ ਦਿਤਾ ਹੈ ਕਿ ਨਿਰਕੰਾਰ ਅਪਣਾ ਸਰੂਪ ਪਲਟੀ ਕਰ, ਏਕਕੰਾਰ ਸਦਾਉਂਦਾ ਹੈ। ਏਕੰਕਾਰ ਤੋਂ ਸ਼ਬਦ ਧੁਨ ਪੈਦਾ ਹੋ, ਓਅਕੰਾਰ ਹੀ, ਸ਼ਬਦ ਧੁਨ ਦਾ ਆਕਾਰ ਧਾਰਨ ਕਰਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਨਿਰਕੰਾਰ ਹੀ ਓਅਕੰਾਰ ਹੈ ਅਤੇ ਨਿਰਕੰਾਰ ਹੀ ਸ਼ਬਦ ਧੁਨ ਹੈ।



www.AKJ.Org

ਨਿੰਰਕਾਰ ਆਕਾਰ ਕਰ ਜੋਤਿ ਸਰੂਪ ਅਨੂਪ ਦਖਾਇਯਾ।।
ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਇਯਾ।।
(ਵਾਰ12)

ਇਸ ਵਾਰ ਵਿਚ ਭਾਈ ਗੁਰਦਾਸ ਜੀ ਨੇ, ਅਕਾਲ-ਪੁਰਖ ਦੇ ਤਿੰਨ ਸਰੂਪ ਇਸ ਤਰ੍ਹਾਂ ਬਿਆਨ ਕੀਤੇ ਹਨ ਕਿ ਪਹਿਲਾ ਸਰੂਪ ਨਿਰਕੰਾਰ ਹੈ। ਨਿਰਕੰਾਰ, ਆਕਾਰ ਧਾਰਨ ਕਰਕੇ ਜੋਤਿ ਦੇ ਰੂਪ ਵਿਚ ਦਿਖਾਈ ਦਿੰਦਾ ਹੈ ਅਤੇ ਨਿਰਕੰਾਰ ਹੀ, ਵੇਦਾਂ ਕਤੇਬਾਂ ਦੀ ਪਹੁੰਚ ਤੋਂ ਬਾਹਰ (ਅਗੋਚਰਾ) ਵਾਹਿਗੁਰੂ ਗੁਰ-ਸ਼ਬਦ ਦੇ ਰੂਪ ਵਿਚ ਸੁਣਾਈ ਦਿੰਦਾ ਹੈ। ਇਨ੍ਹਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਇਲਾਵਾ ਕਲਗੀਧਰ ਜੀ ਨੇ ਅਕਾਲ-ਪੁਰਖ ਦੇ ਤਿੰਨ ਰੂਪ ਇਹ ਬਿਆਨ ਕੀਤੇ ਹਨ :-

ਤੀਨ ਰੂਪ ਹੈ ਮੋਹਿ ਕੇ ਸੁਨਹੁ ਨੰਦ ਚਿਤ ਲਾਏ,
ਨਿਰਗਣ ਸਰਗਣ ਗੁਰ-ਸਬਦ ਕਹਹੁ ਤੋਹਿ ਸਮਝਾਇ।

ਗੁਰੂ ਨਾਨਕ ਦੇਵ ਜੀ ਨੇ ਮੂਲ-ਮੰਤ੍ਰ ਵਿਚ ਤਿੰਨ ਰੂਪ ਇਹ ਆਖੇ ਹਨ। ਪਹਿਲਾ ੧, ਦੂਸਰਾ ਓਅਕੰਾਰ ਅਤੇ ਤੀਸਰਾ ਸਤਿਨਾਮੁ (ਵਾਹਿਗੁਰੂ)

(ਨੋਟ:- ਗੁਰਬਾਣੀ ਅੰਦਰ ਵਾਹਿਗੁਰੂ ਸ਼ਬਦ ਦੀ ਥਾਂ ਇਸ ਦਾ ਉਪਨਾਮ, *ਸਤਿਨਾਮ*' ਹੀ ਵਰਤਿਆ ਮਿਲਦਾ ਹੈ।)

ਭਾਈ ਗੁਰਦਾਸ ਜੀ, ਕਲਗੀਧਰ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਉਪਰ ਦਿਤੇ ਹਵਾਲਿਆਂ ਦਾ ਸਾਰ ਅੰਸ਼ ਕੁਝ ਇਸ ਤਰ੍ਹਾਂ ਹੋਇਆ -

ਅਕਾਲ ਪੁਰਖ ਦਾ ਪਹਿਲਾ ਸਰੂਪ :- ੧ ਨਿਰੰਕਾਰ ਜਾਂ ਨਿਰਗੁਣ।

ਅਕਾਲ ਪੁਰਖ ਦਾ ਦੂਸਰਾ ਸਰੂਪ :- ਜੋਤਿ, ਓਅੰਕਾਰ ਜਾਂ ਸਰਗੁਣ।

ਅਕਾਲ ਪੁਰਖ ਦਾ ਤੀਸਰਾ ਸਰੂਪ :- ਸਤਿਨਾਮੁ (ਵਾਹਿਗੁਰੂ), ਸ਼ਬਦ ਧੁਨ। ਵਾਹਿਗੁਰੂ ਗੁਰ-ਸ਼ਬਦ।

(ਵਾਹਿਗੁਰੂ ਗੁਰ ਸਬਦ ਨੂੰ ਨਾਮ ਭੀ ਆਖਦੇ ਹਨ)

ਜੇ ਇਸ ਹਕੀਕਤ ਨੂੰ ਸੰਖੇਪ ਵਿਚ ਬਿਆਨ ਕਰਨਾ ਹੋਵੇ ਤਾਂ ਅਕਾਲ ਪੁਰਖ ਦੇ ਤਿੰਨ ਸਰੂਪ ਇਹ ਬਣਦੇ ਹਨ। ਨਿਰੰਕਾਰ, ਜੋਤਿ ਅਤੇ ਨਾਮ। ਜੋਤਿ ਅਤੇ ਨਾਮੁ, ਨਿਰੰਕਾਰ ਦੇ ਆਪਣੇ ਰੂਪ ਦਾ ਉਸੀ ਤਰ੍ਹਾਂ ਦਾ ਵਟਾਂਦਰਾਂ ਹੈ ਜਿਸ ਤਰ੍ਹਾਂ, ਬਰਫ ਅਤੇ ਧੁੰਦ, ਪਾਣੀ ਦੇ ਹੀ ਆਪਣੇ ਰੂਪ ਦੇ ਵਟਾਂਦਰੇ ਨਾਮ ਹੈ। ਇਸ ਵਿਚਾਰ ਤੋਂ ਅਸੀਂ ਇਸ ਸਿਟੇ ਤੇ ਪਹੁੰਚੇ ਹਾਂ ਨਾਮ ਕਿ ਕੋਈ ਸ਼ਬਦ ਜਾਂ ਲਫਜ਼ ਨਹੀਂ। ਨਾਮ (ਵਾਹਿਗੁਰੂ) ਨਿਰੰਕਾਰ ਦਾ ਆਪਣਾ ਹੀ ਬਦਲਵਾਂ ਰੂਪ ਹੈ।

ਹੁਣ ਤਕ ਦੀ ਵਿਚਾਰ ਨੇ ਅਕਾਲ-ਪੁਰਖ ਦਾ ਦੂਸਰਾ ਸਰੂਪ ਓਅੰਕਾਰ ਜਾਂ ਜੋਤਿ ਬਿਆਨ ਕੀਤਾ ਹੈ। ਤੀਸਰਾ ਸਰੂਪ, ਸ਼ਬਦ ਧੁਨ, ਵਾਹਿਗੁਰੂ ਗੁਰ-ਸਬਦ ਜਾਂ ਨਾਮ ਆਖਿਆ ਹੈ ਪਰ ਪਹਿਲੇ ਸਰੂਪ ਨਿਰੰਕਾਰ ਜਾਂ ਇਕ (੧) ਦੀ ਹਾਲੇ ਕੋਈ ਸਪਸ਼ਟਤਾ ਨਹੀਂ ਹੋਈ ਕਿ ਇਹ ਸਰੂਪ ਕੇਹੋ ਜੇਹਾ ਹੈ। ਇਸ ਅੜਾਉਣੀ ਦਾ ਉੱਤਰ ਕਲਗੀਧਰ ਜੀ ਨੇ ਜਾਪ ਸਾਹਿਬ ਦੇ ਪਹਿਲੇ ਛੰਦ ਵਿਚ ਇਸ ਪਰਕਾਰ ਦਿਤਾ ਹੈ-

"ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ।।"

ਇਹ ਹਾਲਤ ਨਿਰ-ਆਕਾਰ ਜਾਂ ਨਿਰੰਕਾਰ ਹੋਣ ਦੇ ਕਾਰਨ, ਇਸ ਦੀ ਕੋਈ ਸ਼ਕਲੋ ਸੂਰਤ ਜਾਂ ਪੈਹਚਾਨ ਦਾ ਕੋਈ ਭੀ ਚਿੰਨ ਉਪਲਭਦ ਨਹੀਂ ਹੁੰਦਾ ਜਿਸ ਨੂੰ ਦੇਖ ਕੇ ਕੋਈ ਆਖ ਸਕੇ ਕਿ ਓਹ ਕੇਹੋ ਜੇਹਾ ਹੈ ਇਸ ਲਈ ਇਹ ਆਕਾਰ-ਰੈਹਤ ਹਾਲਤ ਬਿਆਨ ਤੋਂ ਬਾਹਰ ਹੈ। ਜੇ ਇਹ ਹਾਲਤ ਬਿਆਨ ਤੋਂ ਬਾਹਰ ਹੈ ਤਾਂ ਇਸ ਦਾ ਅਰਥ ਇੰਹ ਨਹੀਂ ਹੋ ਜਾਂਦਾ ਕਿ ਨਿਰੰਕਾਰ ਜਾਂ ੧ ਦੀ ਕੋਈ ਹਸਤੀ ਹੀ ਨਹੀਂ ਹੈ।

"ਅਚੱਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿਜੈ।।"

ਜਾਪ ਸਾਹਿਬ ਦੀ ਇਸ ਪੰਗਤੀ ਅੰਦਰ, ਅਕਾਲ ਪੁਰਖ ਦੀ ਹੋਂਦ ਦਾ ਇਕ ਬਹੁਤ ਵੱਡਾ ਤੇ ਗੂੜਾ ਭੇਦ ਛੁਪਿਆ ਪਿਆ ਹੈ ਜਿਸ ਵੱਲ ਅਸੀਂ ਘਟ ਹੀ ਧਿਆਨ ਦਿੱਤਾ ਹੈ। ਇਸ ਪੰਗਤੀ ਅੰਦਰ *'ਨਿਰੰਕਾਰ'* ਦੀ ਹਾਲਤ ਦੇ ਤਿੰਨ ਵੱਡੇ ਗੁਣ ਬਿਆਨ ਕੀਤੇ ਗਏ ਹਨ ਜੋ ਇਸ ਪਰਕਾਰ ਹਨ। *'ਅਮਿਤੋਜ'* ਦੋ ਸ਼ਬਦਾਂ ਅਮਿਤ ਅਤੇ ਓਜ ਦਾ ਸੁਮੇਲ ਹੈ। ਅਮਿਤ ਦਾ ਅਰਥ ਹੈ ਓਹ ਸ਼ੈ ਜਿਸ ਦੀ ਕੋਈ ਮਿਣਤੀ ਗਿਣਤੀ ਨਾਂ ਹੋ ਸਕੇ ਭਾਵ ਬੇਅੰਤ, ਅਨੰਤ, ਲਾਮੈਹਦੂਦ ਜਾਂ Infinite। ਓਜ ਦਾ ਅਰਥ ਹੈ ਸ਼ਕਤੀ ਜਾਂ Energy। ਆਮ ਟੀਕਾਂਕਾਰਾਂ ਨੇ ਓਜ ਦਾ ਅਰਥ, ਬੱਲ ਜਾਂ ਤਾਕਤ ਕਰਕੇ ਆਖ ਦਿੱਤਾ ਹੈ ਕਿ ਅਕਾਲ-ਪੁਰਖ ਬਹੁਤ ਬਲ ਵਾਲਾ (ਬਲਵਾਨ) ਤਾਕਤਵਰ ਜਾਂ Powerful ਹੈ। ਇਹ ਹੀ ਇਕ ਵੱਡੀ ਗਲਤੀ ਕਰਦੇ ਹਾਂ ਜਿਸ ਕਾਰਨ ਅਸੀਂ ਪੰਗਤੀ ਦੇ ਦਰੁਸਤ ਅਰਥ ਨਹੀ ਕਰ ਪਾਉਂਦੇ। ਸਾਇੰਸ ਅਨੁਸਾਰ, ਬਲ, ਤਾਕਤ ਜਾਂ Power ਕਿਸੀ ਸੋਮੇ ਤੋਂ ਪੈਦਾ ਹੁੰਦੀ ਹੈ। ਜਿਸ ਸੋਮੇ ਤੋਂ ਇਹ ਪੈਦਾ ਹੁੰਦੀ ਹੈ ਓਹ ਸੋਮਾ ਹੈ ਸ਼ਕਤੀ ਜਾਂ Energy ਜੇ ਅਸੀਂ ਓਜ ਦੇ ਅਰਥ ਬੱਲ, ਤਾਕਤ ਜਾਂ Power ਕਰਦੇ ਹਾਂ ਤਾਂ ਸਾਇੰਸ ਅਨੁਸਾਰ ਸਾਨੂੰ ਮੰਨਣਾਂ ਪਵੇਗਾ ਕਿ ਅਕਾਲ-ਪੁਰਖ ਨੇ ਬੱਲ, ਤਾਕਤ ਜਾਂ Power ਸ਼ਕਤੀ ਜਾਂ Energy ਤੋਂ ਹਾਸਲ ਕੀਤੀ। ਜਿਥੇ ਅਸੀਂ ਇਹ ਮੰਨਦੇ ਆਏ ਹਾਂ ਕਿ ਬੁਨਿਆਦੀ ਹਸਤੀ ਸਿਰਫ ਇਕ ਨਿਰੰਕਾਰ ਹੀ ਹੈ। ਹੁਣ


www.AKJ.Org

ਮੰਨਣਾ ਪਵੇਗਾ ਕਿ ਬੁਨਿਆਨੀ ਹਸਤੀ ਇਕ ਨਹੀਂ ਦੋ ਹਨ। ਇਕ ਨਿਰੰਕਾਰ ਦੂਸਰੇ ਸ਼ਕਤੀ Energy ਜਿਸ ਤੋਂ ਨਿਰੰਕਾਰ ਨੇ ਬੱਲ ਜਾਂ ਤਾਕਤ ਪਰਾਪਤ ਕਰ, ਓਹ ਬਲਵਾਨ ਬਣਿਆ। ਇਸ ਹਿਸਾਬ ਨਾਲ, ਸ਼ਕਤੀ, ਨਿਰੰਕਾਰ ਤੋਂ ਬਲਵਾਨ ਠੈਹਰੀ। ਸ਼ਕਤੀ ਜਾਂ Energy ਪ੍ਰਹਿਲੇ ਨੰਬਰ ਤੇ ਹੋਈ ਤੇ ਨਿਰੰਕਾਰ ਨੰਬਰ ਦੋ ਤੇ ਆ ਗਿਆ। ਇਸ ਤਰ੍ਹਾਂ ਧਾਰਮਕ ਸਿਧਾਂਤ ਸਾਰਾ ਹੀ ਉਥਲ ਪੁਥਲ ਹੋ ਕੇ ਰੈਹ ਜਾਵੇਗਾ।

ਸਾਇੰਸ ਅਨੁਸਾਰ ਬਲ, ਤਾਕਤ ਜਾਂ Power ਸ਼ਕਤੀ ਜਾਂ Energy ਤੋਂ ਪੈਦਾ ਹੁੰਦੀ ਹੈ ਪਰ ਸ਼ਕਤੀ ਜਾਂ Energy, ਨਾਂ ਹੀ ਪੈਦਾ ਹੁੰਦੀ ਹੈ, ਨਾ ਹੀ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਇਸ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਸ਼ਕਤੀ ਹਮੇਸ਼ਾਂ ਹਮੇਸ਼ਾਂ ਤੋਂ ਮੌਜੂਦ ਹੈ ਅਤੇ ਹਮੇਸ਼ਾਂ ਹਮੇਸ਼ਾਂ ਹੀ ਕਾਇਮ ਰਹੇਗੀ। ਇਸ ਲਈ ਸ਼ਕਤੀ ਅਨਾਦੀ ਹੈ। ਦੂਸਰੇ ਪਾਸੇ ਨਿਰੰਕਾਰ ਭੀ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।। ਅਨਾਦੀ ਹੈ। ਅਨਾਦੀ ਹਸਤੀ ਸਿਰਫ ਇਕ ਹੈ ਦੋ ਨਹੀਂ। ਨਿਰੰਕਾਰ ਹੀ ਸ਼ਕਤੀ ਹੈ, ਸ਼ਕਤੀ ਹੀ ਨਿਰੰਕਾਰ ਹੈ। ਇਸ ਲਈ *'ਓਜ'* ਦੇ ਅਰਥ ਸ਼ਕਤੀ ਜਾਂ Energy ਹੋਏ। ਬਲ, ਤਾਕਤ ਜਾਂ Power ਨਹੀਂ। ਮੁਆਫ ਕਰਨਾ, ਇਸ ਪੰਗਤੀ ਦੇ ਅਰਥ ਬਹੁਤ ਗੈਹਰੇ ਹਨ। ਅੱਗੇ ਚਲ ਕੇ ਸ਼ਇਦ ਹਾਲੇ ਇਸ ਤੋਂ ਭੀ ਹੋਰ ਗੈਹਰੇ ਹੋਣ। ਇਸ ਲਈ ਬੇਨਤੀ ਹੈ ਕਿ ਇਸ ਤੇ ਉਟੰਗਣ ਕਰਨ ਦੀ ਥਾਂ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਨਾ।

ਦੂਸਰਾ ਗੁਣ ਹੈ *'ਅਨਭਉ ਪ੍ਰਕਾਸ਼'*। ਇਸ ਦਾ ਅਰਥ ਹੈ ਕਿ ਓਹ ਸ਼ਕਤੀ, ਆਪਣੇ ਪ੍ਰਕਾਸ਼ ਜਾਂ ਵਜੂਦ ਨੂੰ ਆਪ ਅਨੁਭਵ ਕਰਦੀ ਹੈ। ਆਪ ਅਨੁਭਵ ਕਰਦੀ ਹੈ ਤਾਂ ਸਾਫ ਹੈ ਕਿ ਇਹ ਸ਼ਕਤੀ, ਇਕ ਜੀਉਂਦੀ ਜਾਗਦੀ ਹਸਤੀ ਹੈ। ਇਹ ਗੁਣ ਖਾਸ ਤੌਰ ਤੇ ਇਸ ਲਈ ਬਿਆਨ ਕਰਨਾ ਪਿਆ ਕਿ ਅਸੀਂ ਸੰਸਾਰ ਵਿਚ ਜਿਤਨੀ ਭੀ ਸ਼ਕਤੀ ਦੀ ਵਰਤੋਂ ਹੁੰਦੀ ਦੇਖਦੇ ਹਾਂ ਉਸ ਦੇ ਪਿਛੇ ਕੋਈ ਨਾ ਕੋਈ ਇਨਸਾਨੀ ਹਥ ਕਰਦਾ ਨਜ਼ਰ ਆਉਂਦਾ ਹੈ ਪਰ ਇਹ *'ਅਮਿਤੋਜ'* ਜਾਂ ਪੂਰਨ ਸ਼ਕਤੀ ਇਕ ਜੀਉਂਦੀ ਜਾਗਦੀ ਸ਼ਕਤੀ ਹੈ।

ਤੀਸਰਾ ਗੁਣ ਹੈ *'ਅਚੱਲ ਮੂਰਤਿ'*। ਇਥੇ ਫੇਰ ਸਾਡੇ ਟੀਕਾ ਕਾਰ *'ਅਚੱਲ'* ਦੇ ਅਰਥ *'ਅਟੱਲ'* ਕਰਨ ਦੀ ਗਲਤੀ ਖਾਂਦੇ ਹਨ। ਅਟੱਲ ਦਾ ਅਰਥ ਹੈ ਕਿ ਕੋਈ ਸ਼ੈ ਜੋ ਇਕ ਹੀ ਥਾਂ ਤੇ ਕਾਇਮ ਰਹੇ ਅਪਣੀ ਥਾਂ ਤੋਂ ਇਧਰ ਉਧਰ, ਟੱਲ ਨਾ ਸਕੇ। ਮੂਰਤਿ ਦਾ ਅਰਥ ਹੈ ਹੋਂਦ ਜਾਂ ਹਸਤੀ, ਪੱਥਰ ਦੀ ਮੂਰਤੀ ਜਾਂ ਕਾਗਜ਼ ਤੇ ਛਪੀ ਹੋਈ ਕੋਈ ਤਸਵੀਰ ਨਹੀਂ। ਜਿਥੇ ਕਲਗੀਧਰ ਜੀ ਨੇ ਇਸ ਹੋਂਦ ਜਾਂ ਹਸਤੀ ਨੂੰ *'ਅਚੱਲ ਮੂਰਤਿ'* ਆਖਿਆ ਹੈ, ਉਥੇ ਹੀ ਗੁਰੂ ਨਾਨਕ ਦੇਵ ਜੀ ਨੇ ਇਸੀ ਹੀ ਹੋਂਦ ਜਾਂ ਹਸਤੀ ਨੂੰ *'ਅਕਾਲ ਮੂਰਤਿ'* ਆਖਿਆ ਹੈ। ਅਕਾਲ ਦਾ ਅਰਥ ਹੈ, ਕਾਲ ਰੈਹਤ, ਸਮਾਂ ਰੈਹਤ ਜਾਂ Timeless। ਇਥੇ ਫੇਰ ਸਾਇੰਸ ਦਾ ਅੜਿਕਾ ਆ ਪਿਆ ਹੈ। ਇਸ ਸਦੀ ਦੇ ਮਸ਼ਹੂਰ ਜਰਮਨ ਸਾਇੰਸਦਾਨ, ਅਲਬਰਟ ਆਇਨਟਾਈਨ ਦੀ ਸੰਨ 1950 ਵਿਚ ਪੇਸ਼ ਕੀਤੀ ਗਈ 'ਸਪੈਸ਼ਲ ਰੈਲੀਟਿਵਟੀ' ਦੀ ਥੀਉਰੀ ਅਨੁਸਾਰ ਜਿਥੇ ਸਮਾਂ ਨਹੀਂ ਉਥੇ ਪੁਲਾੜ ਜਾਂ space ਭੀ ਨਹੀਂ ਹੁੰਦੀ। ਨਿਰੰਕਾਰ ਜਦੋਂ *'ਅਕਾਲ ਮੂਰਤਿ'* ਜਾਂ Timeless ਹੈ ਤੇ ਉਥੇ space ਜਾਂ ਖਾਲੀ ਥਾਂ ਭੀ ਕੋਈ ਨਹੀਂ। ਜਦੋਂ ਖਾਲੀ ਥਾਂ ਹੀ ਕੋਈ ਨਹੀਂ, ਤਾਂ ਨਿਰੰਕਾਰ ਹਿਲ ਕੇ ਜਾਏ ਕਿਧਰ ਨੂੰ ? ਟੱਲੇ ਤਾਂ ਕਿਧਰ ਨੂੰ ਟਲੇ ? ਇਸ ਲਈ ਨਿਰੰਕਾਰ ਦੀ ਹਾਲਤ ਵਿਚ, ਅਟੱਲ ਸ਼ਬਦ ਦੇ ਕੋਈ ਅਰਥ ਹੀ ਨਹੀਂ ਰੈਹ ਜਾਂਦੇ।

ਹੁਣ ਸਮਝਣ ਵਾਲਾ ਨੁਕਤਾ ਇਹ ਹੈ ਕਿ *'ਅਚੱਲ'* ਦਾ ਅਰਥ ਕਿਆ ਹੋਇਆ ਤੇ ਕਿਉਂ ਹੋਇਆ। ਅਚੱਲ ਦਾ ਅਰਥ ਹੈ, ਬਗੈਰ ਕਿਸੇ ਹਿਲ ਜੁਲ ਤੋਂ, ਬਗੈਰ ਕਿਸੀ ਹਰਕਤ ਤੋਂ ਜਾਂ Motionless। ਨਿਰੰਕਾਰ ਦੀ ਅਵਸਥਾ ਨੂੰ ਖਾਸ ਤੌਰ ਕੇ Motionless ਬਿਆਨ ਕਰਨ ਦੀ ਲੋੜ ਇਸ ਲਈ ਪਈ ਕਿਉਂਕਿ ਨਿਰੰਕਾਰ ਕੋਈ ਵਿਅਕਤੀ ਨਹੀਂ, ਸ਼ਕਤੀ ਜਾਂ Energy ਹੈ। ਸ਼ਕਤੀ ਜਦੋਂ ਤਕ Motionless ਜਾਂ ਅਚੱਲ ਹੁੰਦੀ ਹੈ ਉਸਦੀ ਹੋਂਦ ਬਾਰੇ ਕੋਈ ਥੌਹ ਪਤਾ ਨਹੀਂ ਚਲਦਾ ਕਿ ਸ਼ਕਤੀ ਮੌਜੂਦ ਹੈ ਭੀ ਜਾਂ ਨਹੀਂ। ਸਾਇੰਸ ਦਾ ਅਸੂਲ ਹੈ ਕਿ Energy does not exist untii expressed। ਟੌਰਚ ਦੀ ਬੈਟਰੀ ਵਿਚ ਬਿਜਲੀ ਦੀ ਸ਼ਕਤੀ ਮੌਜੂਦ ਤਾਂ ਹੁੰਦੀ ਹੈ ਪਰ ਜਿਤਨੀ ਦੇਰ ਇਸ ਵਿਚ ਕੋਈ ਹਰਕਤ ਪੈਦਾ ਹੋ ਅਪਣੀ ਹੋਂਦ ਦਾ ਕਿਸੀ ਭੀ ਰੂਪ ਵਿਚ ਪਰਗਟਾਵਾ ਨਾਂ ਕਰੇ ਤਾਂ ਇਸ ਦੀ ਹੋਂਦ ਦਾ ਕੋਈ ਥੌਹ ਪਤਾ ਨਹੀਂ ਚਲਦਾ। ਜਦੋਂ ਹੀ ਇਹ ਸ਼ਕਤੀ ਹਰਕਤ ਵਿਚ ਆ, ਇਕ ਬਲਬ ਦੀ ਤਾਰ ਵਿਚੋਂ ਗੁਜਰਦੀ ਹੈ ਤਾਂ ਬਲਬ ਰੌਸ਼ਨ ਹੋ ਜਾਂਦਾ ਹੈ, ਘੰਟੀ ਦੀ ਤਾਰ ਵਿਚੋਂ ਗੁਜ਼ਰਦੀ ਹੈ ਤਾਂ ਘੰਟੀ ਖੜਕਣ ਲੱਗ ਜਾਂਦੀ


www.AKJ.Org

ਹੈ, ਤਾਂ ਜਾ ਕੇ ਬੈਟਰੀ ਵਿਚ ਮੌਜੂਦ ਸ਼ਕਤੀ ਦਾ ਪਤਾ ਚਲਦਾ ਹੈ। ਇਸੀ ਤਰ੍ਹਾਂ ਹੀ ਜਿਤਨੀ ਦੇਰ ਨਿਰੰਕਾਰ ਦੀ ਪੂਰਨ ਸ਼ਕਤੀ *'ਅਚੱਲ'* ਹੁੰਦੀ ਹੈ ਉਤਨੀ ਦੇਰ ਨਿਰੰਕਾਰ ਦਾ ਕੋਈ ਚੱਕ੍ਰ ਚਿਹਨ ਉਪਲਭਦ ਨਾਂ ਹੋਣ ਕਾਰਨ, ਕੋਈ ਨਹੀਂ ਆਖ ਸਕਦਾ ਕਿ ਉਹ ਕੇਹੋ ਜੇਹਾ ਹੈ। ਜਦੋਂ ਹਾਲਤ ਵਿਚ ਕੋਈ ਹਰਕਤ ਜਾਂ Vibration ਹੁੰਦੀ ਹੈ ਤਾਂ ਇਹ ਨਿਰੰਕਾਰ ਨਹੀਂ ਰੈਹੰਦਾ। ਆਕਾਰ ਧਾਰਨ ਕਰ, ਭਾਈ ਗੁਰਦਾਸ ਜੀ ਦੀ ਵਾਰ ਨੰ 12 ਅਨੁਸਾਰ, ਜਿਸ ਦਾ ਉਪਰ ਹਵਾਲਾ ਦਿੱਤਾ ਹੈ, ਇਹ ਆਕਾਰ, *'ਜੋਤਿ ਦੇ ਰੂਪ ਵਿਚ ਦਿਖਾਈ ਦਿੰਦਾ ਹੈ ਤੇ 'ਵਾਹਿਗੁਰੂ'* ਸ਼ਬਦ ਦੇ ਰੂਪ ਵਿਚ ਸੁਣਾਈ ਦਿੰਦਾ ਹੈ। *'ਵਾਹਿਗੁਰੂ'* ਸ਼ਬਦ ਨੂੰ *'ਨਾਮ'* ਭੀ ਆਖਦੇ ਹਾਂ। ਜੋਤਿ ਅਤੇ ਨਾਮ, ਨਿਰੰਕਾਰ ਦੇ ਉਸੀ ਤਰ੍ਹਾਂ ਹੀ ਬਦਲਵੇਂ ਰੂਪ ਹਨ ਜਿਸ ਤਰਾਂ ਬਰਫ, ਧੁੰਧ ਤੇ ਕੋਹਰਾ, ਪਾਣੀ ਦੇ ਬਦਲਵੇਂ ਰੂਪ ਹਨ। ਨਿਰੰਕਾਰ ਇਕ ਪੂਰਨ ਸ਼ਕਤੀ ਹੈ, ਵਿਅਕਤੀ ਨਹੀਂ। ਇਸ ਲਈ ਨਿਰੰਕਾਰ ਦੇ ਆਕਾਰੀ ਰੂਪ *ਜੋਤਿ ਅਤੇ ਨਾਮ ਭੀ ਪੂਰਨ ਸ਼ਕਤੀ ਸਿਧ ਹੋਏ।*

ਇਹ ਲੰਮੀ ਚੌੜੀ ਵਿਚਾਰ ਪੇਸ਼ ਕਰਨ ਦਾ ਭਾਵ ਇਹ ਹੈ ਕਿ ਸਦੀਆਂ ਤੋਂ ਅਕਾਲ-ਪੁਰਖ ਨਿਰੰਕਾਰ ਜਾਂ ਪਰਮ-ਆਤਮਾ ਨੂੰ, ਮੱਛ, ਕੱਛ, ਵਰਾਹ, ਦੇਵੀ ਦੇਵਤੇ ਆਦਿ ਦੇ ਵਿਅਕਤੀਗਤ ਰੂਪ ਵਿਚ ਪਰਚਾਰਿਆ ਜਾਂਦਾ ਆ ਰਿਹਾ ਹੈ ਜਦੋਂ ਕਿ ਅਸਲੀਅਤ ਇਸ ਦੇ ਉਲਟ ਇਹ ਹੈ ਕਿ ਇਹ ਹੋਂਦ ਇਕ ਜੀਉਂਦੀ ਜਾਗਦੀ, ਅਚੱਲ, ਪੂਰਨ ਸ਼ਕਤੀ ਹੈ।

ਉਪਰ ਦਿਤੀ ਵਿਚਾਰ ਤੋਂ ਨਾਮ ਇਕ ਪੂਰਨ ਸ਼ਕਤੀ ਸਿੱਧ ਹੋਇਆ, ਮੈਹਜ਼ ਕੋਈ ਸ਼ਬਦ ਜਾਂ ਲਫਜ਼ ਨਹੀਂ। ਪਰ ਫੇਰ ਭੀ ਸਿਰਫ ਦਲੀਲ ਦੀ ਖਾਤਰ *'ਵਾਹਿਗੁਰੂ'* ਨਾਮ ਨੂੰ ਇਕ ਸ਼ਬਦ ਹੀ ਮੰਨ ਲਈਏ ਤਾਂ ਇਹ ਸ਼ਬਦ ਵਾਹਿਗੁਰੂ, ਇਸ ਸੰਸਾਰ ਨੂੰ ਗੁਰੂ ਨਾਨਕ ਦੇਵ ਜੀ ਤੋਂ ਪਰਾਪਤ ਹੋਇਆ। ਗੁਰੂ ਨਾਨਕ ਦੇਵ ਜੀ ਅਜ ਤੋਂ ਕੋਈ ਸਵਾ ਪੰਜ ਕੁ ਸੌ ਸਾਲ ਪਹਿਲਾਂ ਹੀ ਹੋਏ। ਇਸ ਤੋਂ ਪਹਿਲਾਂ ਤਾਂ ਇਹ ਸੰਸਾਰ ਵਾਹਿਗੁਰੂ ਸ਼ਬਦ ਤੋਂ ਅਗਿਆਤ ਸੀ। *'ਨਾਮ ਕੇ ਧਾਰੇ ਖੰਡ ਬ੍ਰਹਮੰਡ'* ਅਨੁਸਾਰ ਨਾਮ ਤੋਂ ਸੰਸਾਰ ਦੀ ਰਚਨਾ ਹੋਈ। ਇਸ ਲਈ ਨਾਮ ਸੰਸਾਰ ਦੇ ਕਣ ਕਣ ਵਿਚ ਮੌਜੂਦ ਹੈ। ਸੰਸਾਰ ਦੀ ਰਚਨਾ ਦੇ ਸਮੇਂ ਤੋਂ ਹੀ ਇਹ ਨਾਮ ਦੀ ਆਵਾਜ਼ ਸੰਸਾਰ ਦੇ ਕਣ ਕਣ ਵਿੱਚ ਸੁਣਾਈ ਦਿੰਦੀ ਆ ਰਹੀ ਹੈ।

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ
ਸਭ ਹਰਿ ਹਰਿ ਨਾਮੁ ਧਿਆਵੈ ਰਾਮ॥
ਪਉਣੁ ਪਾਣੀ ਬੈਸਤਰੋ ਮੇਰੀ ਜਿੰਦੁੜੀਏ
ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ
ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥
ਨਾਨਕ ਤੇ ਹਰਿ ਦਰਿ ਪੈਨਾਇਆ ਮੇਰੀ ਜਿੰਦੁੜੀਏ
ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ॥ (540)

ਇਸ ਲਈ ਨਾਮ ਇਕ ਲਫਜ਼ ਜਾਂ ਸ਼ਬਦ ਨਹੀਂ। ਇਹ ਸ਼ਕਤੀ ਤੋਂ ਪੈਦਾ ਹੋਈ ਆਵਾਜ਼, ਸ਼ਕਤੀ ਦਾ ਹੀ ਰੂਪ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਅਪਣੀ ਪੁਸਤਕ *'ਨਾਮ ਤੇ ਨਾਮ ਦਾ ਦਾਤਾ ਸਤਿਗੁਰੂ'* ਵਿਚ ਲਿਖਦੇ ਹਨ ਕਿ

"ਗੁਰੂ ਵਾਹਿਗੁਰੂ ਨੇ ਸ਼ਬਦ ਦੀ ਮੂਰਤੀ ਰੂਪ, *ਸਰੂਪ ਧਾਰਨ* ਕੀਤਾ ਤਾਂ ਹੀ ਸਾਡੀ ਕਲਿਆਨ ਦਾ ਧਰੁਵਾ ਬੈਝਾ, ਨਿਰਗੁਣ ਸਰੂਪ ਤੋਂ, ਵਾਹਿਗੁਰੂ ਅਕਾਲ ਪੁਰਖ ਨੇ ਸ਼ਬਦ ਦਾ ਆਕਾਰ ਖਾਸ ਉਪਕਾਰ ਨਮਿਤ ਧਾਰਨ ਕੀਤਾ............ *ਨਾਮੀ ਦਾ ਸਰਗੁਣ ਸਰੂਪ ਨਾਮ ਹੈ* ........ ਨਿਰੰਕਾਰ ਨੇ ਸ਼ਬਦ ਰੂਪੀ ਆਕਾਰ ਧਾਰਨ ਕਰ, ਨਿਰੰਕਾਰੀ ਨਾਮ ਦਾ ਜਾਮਾ ਪਹਿਨਿਆ......ਜੀਅ ਜੰਤ, ਖੰਡ ਬ੍ਰਹਮੰਡ, ਆਕਾਸ਼ ਪਾਤਾਲ, ਸਗਲ ਸ੍ਰਿਸ਼ਟੀ ਦੇ ਆਕਾਰ ਦੀ ਰਚਨਾ, *ਨਾਮ ਦੀ ਬਲ ਸ਼ਕਤੀ ਦੁਆਰਾ ਹੋਈ।"*

ਆਪ ਜੀ ਪੁਸਤਕ *'ਲਗਾਂ ਮਾਤ੍ਰਾਂ'* ਦੀ ਵਿਲੱਖਣਤਾ ਵਿਚ ਲਿਖਦੇ ਹਨ-

"ਜਿਵੇਂ ਕਿ ਵਾਹਿਗੁਰੂ ਨਿਰੰਕਾਰ ਸੈਭੰ (ਸਤੇ ਪ੍ਰਕਾਸ਼) ਹੈ, ਇਸ ਤਰ੍ਹਾਂ ਹੀ ਨਿਰੰਕਾਰੀ ਨਾਮ ਭੀ, ਸੈਭੰ ਸਰੂਪਾ ਹੈ। ਆਪੇ ਹੀ ਆਪਣੇ ਸਰੂਪ ਤੋਂ ਪਰਕਾਸ਼ਤ ਹੈ। ਸਾਰੀ ਰਚਨਾ ਤੋਂ ਪ੍ਰਿਥਮ, ਸੁਭ ਸੁਭਾਵ ਨਿਜ ਰਚਤ ਹੈ। ਏਸੇ ਕਰਕੇ ਹੀ ਪਰਾ ਪੂਰਬਲਾ ਹੈ। ਇਸ ਕਰਕੇ ਹੀ ਨਾਮ ਸਤਿ ਹੈ।.......... ਨਾਮ ਦੀ ਰਚਨਾ ਨਾਮੀ *'ਵਾਹਿਗੁਰੂ'* ਦੇ ਨਾਲ ਹੀ ਹੋਈ ਅਤੇ ਸੁਤੇ ਪ੍ਰਕਾਸ਼ ਹੀ ਹੋਈ। ਸੈਭੰ ਸਰੂਪ ਵਿੱਚ। ਸੈਭੰ ਸਰੂਪ ਵਿਚ ਜਿਵੇਂ ਨਾਮੀ ਦੀ ਰਚਨਾ, ਸੰਭਾਵੀ ਜਾਂਦੀ ਹੈ। ਤਿਵੇਂ ਹੀ ਨਾਮ ਦੀ ਦੀ ਰਚਨਾ ਭੀ ਸੁਤੇ ਸੰਭਾਵਨਾ ਹੈ।

ਸ਼ਬਦ ਵਾਹਿਗੁਰੂ ਦੀ ਬਣਤਰ ਸੰਬੰਧੀ, ਕੁਝ ਭੁਲੇਖੇ ਪਾਏ ਜਾਂਦੇ ਹਨ। ਪਹਿਲਾ ਭੁਲੇਖਾ ਇਹ ਹੈ ਕਿ ਸ਼ਬਦ *'ਵਾਹਿਗੁਰੂ'* ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਦੂਸਰਾ ਭੁਲੇਖਾ, ਇਕ ਪੁਸਤਕ ਵਿਚ ਇਸ ਪ੍ਰਕਾਰ ਲਿਖਿਆ ਮਿਲਦਾ ਹੈ ਕਿ 'ਵਾਹ' ਸ਼ਬਦ ਫਾਰਸੀ ਜ਼ਬਾਨ ਦਾ ਅਤੇ 'ਗੁਰੂ' ਸੰਸਕ੍ਰਿਤ ਦਾ ਹੈ। ਉਸ ਸਮੇਂ ਇਸ ਦੇਸ਼ ਵਿਚ, ਵਡੀਆਂ ਦੋ ਹੀ ਕੌਮਾਂ, ਹਿੰਦੂ ਅਤੇ ਮੁਸਲਮਾਨ ਸਨ। ਮੁਸਲਮਾਨਾਂ ਦੀ ਬੋਲੀ ਫਾਰਸੀ ਜਾਂ ਅਰਬੀ ਸੀ ਤੇ


www.AKJ.Org

ਹਿੰਦੂਆਂ ਦੀ ਸੰਸਕ੍ਰਿਤ। ਇਨ੍ਹਾਂ ਦੋਹਾਂ ਜ਼ਬਾਨਾਂ ਤੋਂ, ਈਸ਼ਵਰ ਦੀ ਜਾਤ ਨਾਲ ਸੰਬੰਧ ਰਖਣ ਵਾਲਾ ਆਪ ਨੇ (ਗੁਰੂ ਨਾਨਕ ਦੇਵ ਜੀ ਨੇ) *'ਵਾਹਿਗੁਰੂ'* ਗੁਰ-ਮੰਤ੍ਰ ਪ੍ਰਗਟ ਕੀਤਾ, ਤੀਸਰਾ ਭੁਲੇਖਾ ਭਾਈ ਗੁਰਦਾਸ ਜੀ ਦੀ ਇਗ ਵਿਚ ਪਾਇਆ ਜਾਂਦਾ ਹੈ। ਭਾਈ ਗੁਰਦਾਸ ਜੀ ਸਾਰਖੇ ਪੂਰਨ ਬ੍ਰਹਮ ਗਿਆਨੀ, ਅਪਣੀ ਹੀ ਰਚਨਾ ਵਿਚ, ਆਪ ਹੀ, ਇਕ ਦੂਸਰੇ ਤੋਂ ਉਲਟ, ਮੁਤਜ਼ਾਦ ਜਾਂ Self Contradictory ਵਿਚਾਰ ਲਿਖ ਨਹੀਂ ਸਕਦੇ। ਹੋ ਸਕਦਾ ਹੈ ਕਿ ਇਹ ਵਿਚਾਰ ਕਿਸੀ ਹੋਰ ਨੇ, ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਰਲਾ ਦਿੱਤਾ ਹੋਵੇ। ਚਲੋ ਖੈਰ ! ਭੁਲੇਖਾ ਇਹ ਹੈ ਕਿ ਸ਼ਬਦ ਵਾਹਿਗੁਰੂ ਦੀ ਬਣਤਰ ਵਿਚ ਵਾਵਾ ਅਖੱਰ, ਵਾਸਦੇਵ ਤੋਂ, ਹਾਹਾ ਹਰੀ ਤੋਂ, ਗੱਗਾ ਗੋਬਿੰਦ ਤੋਂ ਤੇ ਰਾਰਾ ਰਾਮ ਤੋਂ ਲੈ ਕੇ ਸ਼ਬਦ *'ਵਾਹਿਗੁਰੂ'* ਦੀ ਰਚਨਾ ਕੀਤੀ।

ਇਨ੍ਹਾਂ ਤਿੰਨਾਂ ਹੀ ਭੁਲੇਖਿਆਂ ਵਿਚ ਇਕ ਗਲ ਸਾਂਝੀ ਹੈ ਕਿ ਇਸ ਸ਼ਬਦ ਦੀ ਰਚਨਾ, ਗੁਰੂ ਨਾਨਕ ਦੇਵ ਜੀ ਨੇ ਕੀਤੀ। ਗੁਰੂ ਨਾਨਕ ਦੇਵ ਜੀ ਤਾਂ ਅਜ ਤੋਂ ਕੋਈ ਸਵਾ ਕੁ ਪੰਜ ਸੌ ਸਾਲ ਪਹਿਲਾਂ ਹੀ ਹੋਏ ਹਨ ਪਰ ਇਸ ਲੇਖ ਵਿਚ ਉਪਰ ਪੜ੍ਹ ਆਏ ਹਾਂ ਕਿ ਵਾਹਿਗੁਰੂ ਸ਼ਬਦ ਦੀ ਆਵਾਜ਼, ਸੰਸਾਰ ਦੀ ਰਚਨਾ ਦੇ ਆਦਿ ਕਾਲ ਤੋਂ ਹੀ, ਇਸ ਦੇ ਕਣ ਕਣ ਵਿਚੋਂ ਸੁਣਾਈ ਦਿੰਦੀ ਆ ਰਹੀ ਹੈ। ਇਸ ਲਈ ਇਸ ਪਵਿੱਤਰ ਸ਼ਬਦ ਦੇ ਰਚਣਹਾਰ, ਗੁਰੂ ਨਾਨਕ ਦੇਵ ਜੀ ਨਹੀਂ ਸਗੋਂ "ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ" (463), ਅਕਾਲ ਪੁਰਖ ਨੇ ਅਪਣੀ ਸਾਜਨਾ ਦੇ ਸੰਗ ਸਾਥ ਹੀ, ਨਾਮ ਦੀ ਰਚਨਾ ਭੀ ਕੀਤੀ। *ਇਸ ਲਈ ਇਸ ਸ਼ਬਦ ਦਾ ਰਚਣਹਾਰ, ਅਕਾਲ ਪੁਰਖ ਹੈ ਨਾਂ ਕਿ ਗੁਰੂ ਨਾਨਕ ਦੇਵ ਜੀ।*

ਤੀਸਰੇ ਭੁਲੇਖੇ ਦੇ ਸੰਬੰਧ ਵਿਚ ਅਰਜ ਹੈ ਕਿ ਜੇ ਚਾਰ ਸ੍ਰੇਸ਼ਟ ਹਸਤੀਆਂ ਦੇ ਨਾਵਾਂ ਦੇ ਪਹਿਲੇ ਅੱਖਰ ਲੈ ਕੇ ਇਸ ਸ਼ਬਦ ਦੀ ਬਣਤਰ ਹੋਈ ਹੈ ਤਾਂ ਲਗਾਂ ਭੀ ਤਾਂ ਇਨ੍ਹਾਂ ਨਾਵਾਂ ਵਿਚੋਂ ਲਈਆਂ ਹੋਣੀਆਂ ਚਾਹੀਦੀਆਂ ਸਨ ਜਾਂ ਜੇ ਕਿਸੀ ਹੋਰ ਥਾਂ ਤੋਂ ਲਈਆਂ ਸਨ ਤਾਂ ਉਸ ਦਾ ਜ਼ਿਕਰ ਹੋਣਾ ਚਾਹੀਦਾ ਸੀ ਪਰ ਐਸਾ ਕੋਈ ਜ਼ਿਕਰ ਨਹੀਂ। ਜਦੋਂ ਇਸ ਸ਼ਬਦ ਦਾ ਰਚਣਹਾਰ, ਅਕਾਲ ਪੁਰਖ ਹੈ, ਗੁਰੂ ਨਾਨਕ ਦੇਵ ਜੀ ਨਹੀਂ ਤਾਂ ਭੁਲੇਖਾ ਆਪਣੇ ਆਪ ਹੀ ਖਤਮ ਹੋ ਜਾਂਦਾ ਹੈ ਪਰ ਫੇਰ ਭੀ ਦਲੀਲ ਤੇ ਖਿਆਲ ਨਾਲ ਦੇਖਦੇ ਹਾਂ ਤਾਂ ਹਰੀ ਵਿਚ 'ਹ' ਮੁਕਤਾ ਹੈ, ਵਾਹਿਗੁਰੂ ਵਿਚ ਹਾਹੇ ਨੂੰ ਸਿਹਾਰੀ ਹੈ। ਗੋਬਿੰਦ ਵਿਚ ਗੱਗੇ ਨੂੰ ਹੋੜਾ ਹੈ ਪਰ ਵਾਹਿਗੁਰੂ ਵਿਚ ਗੱਗੇ ਨੂੰ ਔਂਕੜ ਹੈ। ਰਾਮ ਵਿਚ ਰਾਰੇ ਨੂੰ ਕੰਨਾ ਹੈ ਪਰ ਵਾਹਿਗੁਰੂ ਵਿਚ ਰਾਰੇ ਨੂੰ ਦੁਲੈਂਕੜੇਂ ਹਨ। ਵਾਸਦੇਵ ਜੀ ਅਤੇ ਰਾਮ ਜੀ, ਦੋਨਾਂ ਨੇ ਹੀ ਸੰਸਾਰ ਦੀ ਰਚਨਾ ਦੇ ਢੇਰ ਚਿਰ ਪਿਛੋਂ ਅਵਤਾਰ ਧਾਰਨ ਕੀਤਾ ਪਰ ਸ਼ਬਦ 'ਵਾਹਿਗੁਰੂ ' ਦੀ ਆਵਾਜ਼ ਤਾਂ ਸੰਸਾਰ ਦੇ ਆਦਿ ਕਾਲ ਤੋਂ ਹੀ ਇਸ ਦੇ ਕਣ ਕਣ ਵਿਚੋਂ ਸੁਣਾਈ ਦਿੰਦੀ ਆ ਰਹੀ ਹੈ। ਇਸ ਲਈ ਇਸ ਵਿਚਾਰ ਵਿਚ ਕੋਈ ਵਜ਼ਨ ਨਹੀਂ ਹੈ। ਇਹ ਇਕ ਕਿਸੀ ਦਾ ਮਨ-ਉਕਤ ਢਕੌਂਸਲਾ ਹੈ ਅਤੇ ਇਹ ਪਾਉੜੀ ਭਾਈ ਗੁਰਦਾਸ ਜੀ ਦੀ ਨਹੀਂ ਹੋ ਸਕਦੀ।

*ਇਸ ਸਾਰੀ ਵਿਚਾਰ ਦਾ ਸਾਰ ਸਿਟਾ ਇਹ ਹੋਇਆ ਕਿ ਨਿਰੰਕਾਰ, ਆਕਾਰ ਧਾਰਨ ਕਰ, ਜੋਤਿ ਦੇ ਰੂਪ ਵਿਚ ਦਿਖਾਈ ਦਿੰਦਾ ਹੈ ਅਤੇ 'ਵਾਹਿਗੁਰੂ' ਸ਼ਬਦ ਜਾਂ ਨਾਮ ਦੇ ਰੂਪ ਵਿਚ ਸੁਣਾਈ ਦਿੰਦਾ ਹੈ। ਜਿਸ ਸ਼ਬਦ ਵਾਹਿਗੁਰੂ ਦਾ ਅਸੀਂ ਜਾਪ ਜਾਂ ਸਿਮਰਨ ਕਰਦੇ ਹਾਂ ਓਹ ਸ਼ਬਦ ਵਾਹਿਗੁਰੂ ਗੁਰ-ਸ਼ਬਦ ਜਾਂ ਗੁਰ-ਮੰਤ੍ਰ ਹੈ। ਜਿਸ ਸ਼ਬਦ ਵਾਹਿਗੁਰੂ ਦੀ ਧੁਨੀ , ਸੰਸਾਰ ਦੇ ਕਣ ਕਣ ਵਿਚੋਂ ਸੁਣਾਈ ਦਿੰਦੀ ਹੈ ਓਹ ਸ਼ਬਦ 'ਵਾਹਿਗੁਰੂ' ਨਾਮ ਹੈ।*

• • • • • • • • • • •

ਪੰਨਾ ੩੧ ਦਾ ਬਾਕੀ

ਗੁਰੂ ਘਰ ਦੇ ਵਰੋਸਾਏ ਕੀਰਤਨੀਆਂ ਨੇ ਦੁਹਰਾਇਆਂ ਉਨ੍ਹਾਂ ਸਦਕਾ ਇਹ ਮੇਲ ਨਿਤਾ ਪ੍ਰਤੀ ਹੀ ਜੁੜਿਆ ਰਹਿ ਸਕਦਾ ਹੈ।

*"ਵਡਿਆਈ ਦੀ ਚਾਹਤ"* ਦੇ ਅਸੂਲ ਦਾ ਮੂਲ ਉਸ ਬੱਚੇ ਦੀ ਕਾਰ-ਗੁਜਾਰੀ ਤੋਂ ਅੱਡਰਾ ਨਹੀਂ। ਅਪਣੀ ਦੇਹੀ ਦੇ ਖੜੌਣੇ ਰਾਹੀਂ ਹਰੀ-ਗੁਣ ਗਾਉਣ ਦੀ ਖੇਡ੍ਹ ਖੇਡ੍ਹਦਿਆਂ ਜਿਨ੍ਹਾਂ ਨੂੰ ਵਾਹਿਗੁਰੂ ਦੀ ਪ੍ਰਸੰਨਤਾ ਉਨ੍ਹਾਂ ਦੀ ਵਡਿਆਈ ਦੇ ਰੂਪ ਵਿੱਚ ਜਦੋਂ ਲੋਕਾਂ ਦੇ ਮੂਹੋਂ *"ਭਗਤ ... ਭਗਤ...."* ਅਖਰ ਸੁਣਦਿਆਂ ਮਿਲਦੀ ਹੈ ਤਾਂ ਉਨ੍ਹਾਂ ਦੇ ਹਿਰਦੇ ਅੰਦਰ ਮਾਨ-ਅਭਿਮਾਨ ਦੀ ਬਜਾਏ ਸ਼ੁਕ੍ਰਾਨੇ ਅਤੇ ਨਿਰਮਾਣਤਾ ਦਾ ਪਸਾਰ ਹੋ ਜਾਂਦਾ ਹੈ। ਅਤੇ ਓਹ ਆਪਣੀ ਭਗਤੀ ਮਘਣਤਾ ਦੀ ਖੇਡ੍ਹ ਨੂੰ ਵਾਧਾਉਂਦੇ ਹੋਏ ਲੋਕ-ਸੇਵਾ ਦੇ ਉਪਕਾਰੀ ਕਾਰਜਾਂ ਹਿੱਤ ਆਪਾ ਵੀ ਕੁਰਬਾਨ ਕਰ ਗੁਜ਼ਰਦੇ ਹਨ ਤਾਂ ਜੁ ਪਤੀ-ਪਰਮੇਸ਼ਰ ਦੀ ਉਹ ਹੋਰ ਵੀ ਪ੍ਰਸੰਨਤਾ ਲੈਣ ਦਾ ਅਨੰਦ ਮਾਣਦੇ ਰਹਿਣ। ਗੁਰੂ ਨਾਨਕ ਅਜਿਹੇ ਭਗਤਾਂ ਨੂੰ ਸਭਰਾਈਆਂ ਸੋਹਾਗਣਾਂ ਕਹਿੰਦੇ ਹਨ।ਤਥਾ :-

**ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ।।**
**ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ।।**
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ।।
(ਤਿਲੰਗ ਮ: ੧ ੭੨੨)



www.AKJ.Org

## Development of Sikhism

(Dr. Gurbakhsh Singh)

Development of Sikhism can be described under four major steps, Sangat, Pangat, Sarovar and Guru Granth, which were taken to reach the goal, the Guru Khalsa Panth. Instead of their full name, the believers are now popularly Known as Khalsa, Panth or Sikhs. Guru Nanak laid the foundation of the faith by defining the path for its followers. His nine successors guided the disciples (Sikhs) to tread on that path by themselves demonstrating how to stick to truth even at the cost of their lives.

1. Sangat and 2. Pangat

Wherever Guru Nanak went, he established a Sangat, a congregation, in which all humans, Hindus and Muslim, low and high caste, sat as equals to praises of the Almighty. One person was appointed as guide to each Sangat to conduct the religous discourses. The Guru also instituted the Pangat, the sitting together as equals to enjoy the food which was distributed free to everyone. Even today this practice of free food (langer) is observed in each gurdwara as it reminds us that all human beings are equal and have the same rights.

After his tours (called 'Udasis') to religious places, Guru Nanak settled at Kartarpur, a village founded by him with the help of his father - in -law and his disciples. It is situated on the right bank of the river Ravi, now in Pakistan, opposite to Dera Baba Nanak in District of Amritsar, Punjab, (India). He lived there for about eighteen years and demonstrated the value of Sangat and Pangat. Irrespective of caste, creed, social or economic status, sex or religion, all were equally welcome. Religious discourses were held every morning and evening. Both Muslims and Hindus including the Untouchables attended these discourses and each claimed Nanak as his own, a fitting testimoney of his teachings. He was a "Pir" (religious leader) for the Muslims and "Guru" for the Hindus. Nanak thus re-established the broken bonds of human brotherhood.

This achievement, a social and spiritual revolution, was even more significant viewed in relation to the hindu hatred of muslims and muslim discrimination against hindus which prevailed at that time.

Within hindus, Brahmans considered themselves superior to the rest of hindus, and about one-sixth of the Hindus were treated as untouchables. The muslims called hindus Kafirs or non-believers, they did not allow hindus the same social and political rights that were available to the ruling muslims. Hindus hated muslims and called them malech, the unpious. Muslims considered it a sacred act to harass and tease hindus and convert them to Islam, by force, if necessary. It is this age of darkness that was enlightened by Nanak the "Sun".

ਸਤਿਗੁਰ ਨਾਨਕ ਪ੍ਰਗਟਿਆ।। ਮਿਟੀ ਧੁੰਧ ਜਗ ਚਾਨਣ ਹੋਆ।।
ਜਿਉਂ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰ ਪਲੋਆ।।

(Var Bhai Gurdas)

As Guru Nanak preached the worship of the formless or Nirakar, he was popularly kown as Nanak Nirankari throughout the country. Before Guru Nanak passed away in 1539, he appointed Bhai Lehna, re-named Guru Angad Dev, as the second Nanak, who along with many devoted disciples had started living at Kartarpur with the Guru. He learnt and practised the principles of Sikh faith under his guidance.

Guru Angad Dev (1504-1552) moved to his village Khadur Sahib, situated on right bank of the river Beas and a few miles upstream from the "Pattan" or ford on the old route that connected Delhi with Lahore. Before becoming the disciple of Nanak, he was an ardent devotee of the Jwala Mukhi Devi in the Kangra hills. It was during one of his journeys to the temple of the devi that he was struck with the desire to meet Guru Nanak as well. After hearing the Guru's discourses, Bhai lehna felt that he had found what he had wanted in life. He stayed at Kartarpur so that he could enjoy Hari Kirtan and the divine environment. Finally he was chosen as the second Nanak and directed to shift to Khadur Sahib, the place of his original residence for establishing another Sikh center there.

He carried on the preachings though the



www.AKJ.Org

practice of "Sangat" and "Pangat". He made Sikhism more popular with the common villagers of the region. He appointed Baba Amar Das, then aged seventy-two years and older than him by about twenty-five years, as the third Nanak.

Guru Amar Das (1479-1574) had come to Khadur Sahib at the age of about sixty years and served there for twelve years with great devotion and sincerity. Several years before being chosen the third Guru, Baba Amar Das was deputed to establish a third Sikh Center, a few miles down stream from Khadur Sahib. This place belonged to Shri Gonda and the new Center was thus named Goindwal Sahib.

**Strengthening the bounds of human brotherhood :** Guru Amar Das constructed a Baoli, an open well with steps leading to the water level. He welcomed everyone, Muslims, Hindus, and the Untouchables, to take water from the Baoli so that the artificial barriers of sect and caste would be destroyed and broken human bonds would be regenerated and strengthened. He established more preaching centers which were called 'Manjis' because the preachers used to sit on a Manji or cot while giving sermons to the Sangat. A Muslim, Allah Yar Khan, was in charge of one of these 'Manjis'.

To amalagamate the so called untouchables with the society, the third Nanak made a pre-condition for Sangat. In other words, he made it obligatory for all persos to sit together and eat *"Langer"* before they were permitted to join togather in congregational meeting and prayers. This removed the inferiority complex of low caste people and the untouchables and it simultaneously if mutual bounds of human feeling were to be developed in all persons.

Some high class people finding the institution of pangat and sangat a great blow to their prestigious social status, started creating problems for Guru. Local 'goondas' were hired to tease and harass the Sikhs visiting the Guru. They went to the extent of lodging a formal complaint with the Emperor, Akabar, who was nearby at Lahore (now in Pakistan) by sending their deputation to him. Their major charge was that the Guru was desscrating their faith by permitting untouchables to sit together and eat with the high caste people. Akbar summoned the Guru to Lahore to give his reply to the charges levelled against him by the high caste persons.

Bhai Jetha, later Guru Ram Dass, was sent to answer the charges agaist the Guru. After listening to him, the Emperor not only rejected the memorandum of the deputationists, but even paid homage to the Guru by visiting Goindwal himself. Before meeting the Guru, Akbar had also to observe the rules of pangat, of eating food sitting along with ordinary people. He was so pleased with the institution of Pangat that he wanted to donate a permanent 'Jagir', or authority to collect the revenue of certain villages for the expenses of the "Langar". The Guru declined the offer stating that for Langar to remain a commuity affair, it has to be run from the voluntary contributions of the disciples, not from the dotations of the Emperor.

**III. Amrit Sarovar :**

The Guru decided to establish another preaching center which was to become in future the headquarters of the Sikh faith. Accordingly, the requisite piece of land was acquired where there was a low-living pond surrouded by the natural vegetation around. Here was to be dug a big, deep Amrit Sarovar, a pool open for all persons, of every caste, creed, faith or status. In the center of the pool a Harimandir or "God's Temple", now called Golden Temple, was to be constructed where nothing else but God's songs were to be sung the whole day, from early in morning until late night.

After obtaining the land and preparing all the layout plans and designs, Bhai Ram Dass, popularly known as Jetha Ji, the son-in-law of the Guru, was deputed for this task. Before the Guru died, he named Bhai Ram Dass (1534-1581) as the fourth Nanak. The digging and construction work continued through-out the life of Guru Ram Dass. People came from far and distant places to dovoluntary service and offered donations for this Holy Center, first named Ram



www.AKJ.Org

Dass Pur and now known as Amritsar.

The Guru named his third son, Arjun Dev (1563-1606) as the fifth Nanak, who continued the construction work. He invited a Muslim holy-man, 'Sain Mian Mir', to Ram Dass Pur and in 1588 bestowed on him the honour of laying the foundation stone of the Harimandir, the sanctum sanctorum built in the center of the pool.

When the work neared completion, there was a great famine in the region. Small pox struck the public simultaneously. The money received from the disciples for the construction of the temple was diverted to help the hungry, the sick, the needy, and the orphaned. The Guru himself toured the affected areas. He lived with the people, encourging them and helping them in every possible manner. The people and even the administration were moved by how hard the Guru worked to alleviate the sufferings of society. The Faujdar or Administrator of Jullundur, impressed by these acts of the Guru, requested him to help the people of his area as well and establish a Sikh center in his region. Accordingly, the Guru established a new town, Kartarpur, ten miles from Jullundur on the main road towards Amritsar. The town of Tarn Taran, about fifteen miles to the south of Amritsar, was also built by the Guru. A huge pool and a gurdwara was also built there. This gurdwara was made a center for caring for the sick, the old and the orphaned.

**IV. Shabad Guru-Guru Granth Sahib :**

Guru Arjun Dev not only vigorously practised and preached the already-established three steps of Sangat, Pangat and Sarovar, but also took the fourth major step, editing the Sacred Book, the Adi Guru Granth Sahib to unite all sections of society into one unique brotherhood having faith in one common God but with many names.

Another new tradition was established by the Guru. Instead of erecting a stone image of Nanak in the Harimandir, he installed there the Adi Granth Sahib, to teach the philosophy of the Shabad (Divine) Guru.

The Guru Granth Sahib was the first religious book of its kind. It was not restricted to the hymns or saying related to a particular person declaring only himself to be God-sent. In addition to the Gurus, its contributors included many holymen from all over India, such as Kabir, a low caste weaver, Farid, a Muslim holyman, Ravidas, a shoe maker from Varanasi. The only criterion for selecting a contributor was that he should have expressed the belief that the same God existed in every human being. Muslim Ragis (musicians) had been singing Gurbani from the times of Nanak. After the Holy Book was installed in the Harimandir, they continued the privilege of performing Kirtan (Singing Gurbani) in the temple.

The Temple and the Sarovar were open to the people of all castes and all faiths. This was in total contrast to the then prevailing barriers between Hindus and Muslims. Mosques were out of bounds for Hindus and the temple authorities did not permit Muslim or low caste people to worship there.

The Guru Granth Sahib gave a radical new philosophy to the people. It taught that realizing or perceiving God is not restricted to the hymns written by Bhagats or holymen belonging to the so-called low castes proved that any person, whatever his birth or faith, could be a godly man provided he sought God sincerely and devotedly by loving his fellow men. Guru Nanak also revealed that any prophet claiming to be the "sole" source of guidance to the door of God and identifying the followers of other prophets as heathens, kafirs and non-believers, was misguided.

The Guru observed that differences in language, culture, and a appearance of different human beings were related to the differences in environment. All these were superficial differences. Human emotions in all people were the same. People had their own local languages and hence different words for praising God. therefore, people should not discriminate against other human beings because of the different laguages, that they use for expressing their love of God.

■■■■■■■■■■■■■■■



www.AKJ.Org

# ਸਰਬ ਰੋਗ ਕਾ ਅਉਖਦੁ ਨਾਮੁ

(ਡਾ: ਬਲਵੰਤ ਸਿੰਘ, ਸੰਤ ਕਲੀਨਿਕ, ਮਾਡਲ ਟਾਊਨ ਮਾਰਕੀਟ, ਲੁਧਿਆਣਾ)

ਗੁਰਬਾਣੀ ਗਾਉਣ, ਪੜ੍ਹਨ ਸੁਨਣ ਨਾਲ ਦੁਨੀਆਂ ਦੇ ਸਾਰੇ ਰੋਗ ਖਿਨ ਵਿੱਚ ਕਟੇ ਜਾਂ ਸਕਦੇ ਹਨ। ਜਿਥੇ ਨਾਮ ਹੈ, ਗੁਰਬਾਣੀ ਹੈ, ਉੱਥੇ ਤਾਂ ਸੁਚੇਤ ਅਵਸਥਾ ਵਿੱਚ ਤਾਂ ਕਰੋੜਾਂ ਸੁਖ ਅਨੰਦ ਤਾਂ ਹੋਣਗੇ ਹੀ, ਸੁਪਨੇ ਵਿਚ ਭੀ ਜਾਂ ਅਚੇਤ ਅਵਸਥਾ ਵਿਚ ਭੀ ਦੁੱਖ ਨੇੜੇ ਨਹੀਂ ਆਉਣਗੇ। ਜਿਵੇਂ ਇਕ ਰਾਜਾ ਸੁਪਨੇ ਵਿਚ ਮੰਗਤਾ ਬਣ ਜਾਂਦਾ ਹੈ, ਬਹੁਤ ਦੁੱਖ ਭੋਗਦਾ ਹੈ ਅਤੇ ਸ਼ੁਕਰ ਕਰਦਾ ਹੈ ਕਿ ਉਸਦਾ ਭਿਖਾਰੀ ਬਨਣਾ ਇਕ ਸੁਪਨਾ ਹੀ ਸੀ। ਪਰ ਗੁਰੂ ਕਾਂ ਲਾਲ ਸਦੀਵੀ ਅਨੰਦ ਅਤੇ ਅੱਠੇ ਪਹਿਰ ਗੁਰੂ ਦੀ ਮਿੱਠੀ ਨੇੜਤਾ ਮਾਣੇਗਾ।

ਗੁਰਬਾਣੀ ਅਤੇ ਸਾਇੰਸ ਦਾ ਬਹੁਤ ਜ਼ਿਆਦਾ ਫਰਕ ਹੈ। ਗੁਰਬਾਣੀ ਗੁਰੂ ਹੈ, ਪ੍ਰਮੇਸ਼ਰ ਹੈ ਅਤੇ ਅੱਟਲ ਸੱਚ ਹੈ। ਸਾਇੰਸ ਦੇ ਸੱਚ ਬਦਲਦੇ ਰਹਿੰਦੇ ਹਨ, ਨਵੀਂ ਖੋਜ ਨੇ ਕਈ ਪੁਰਾਣੇ ਸੱਚ ਬਦਲ ਦਿੱਤੇ ਹਨ ਅਤੇ ਅਜ ਦੇ ਸੱਚ, ਕੱਲ੍ਹ ਬਦਲ ਜਾਣਗੇ। ਕੀ ਮੁਕਾਬਲਾ ਕਰ ਸਕਦੇ ਹਾਂ ? ਸਾਇੰਸ ਦੀਆਂ ਐਨਕਾਂ ਲਾ ਕੇ ਗੁਰਬਾਣੀ ਨੂੰ ਨਾਪਣਾ ਤੋਲਣਾ ਅਤੇ ਦੇਖਣਾ ਬਹੁਤ ਗੁਸਤਾਖੀ ਹੈ। ਸਾਇੰਸ ਦੀ ਖੋਜ ਦਾ ਆਧਾਰ ਹੈ- ਕੀ, ਕਿੱਥੇ, ਕਿਵੇਂ, ਕੀ ਅਸਰ ਆਦਿ ਪਰ ਗੁਰਬਾਣੀ ਦੀ ਖੋਜ ਕੋਈ ਵਿਸ਼ਾ ਨਹੀਂ ਹੈ। ਗੁਰਬਾਣੀ ਇਕ ਸੱਚ ਹੈ, ਬਾਕੀ ਦੁਨੀਆਂ ਦੇ ਸੱਚ ਇਸਦੇ ਉੱਤੇ ਪਰਖੇ ਜਾ ਸਕਦੇ ਹਨ।

ਆਓ ਪਿਛੋਕੜ ਤੇ ਝਾਤ ਮਾਰੀਏ, ਉਪਰੋਕਤ ਕਥਨ ਹੋਰ ਉਘੜ ਆਏਗਾ। ਕੀ ਕੌੜੇ ਰੀਠੇ ਮਿੱਠੇ ਹੋ ਸਕਦੇ ਹਨ ? ਕੀ ਮੁਰਦੇ ਦੀ ਲਾਸ਼ ਨੂੰ ਖਾਣ ਲੱਗਿਆਂ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਤੇ ਸਵਾਲ ਕੀਤਾ ? ਕੀ ਭਾਈ ਜੇਠਾ ਜੀ ਨੇ ਗੁਰੂ ਅਮਰਦਾਸ ਤੇ ਬਾਰੰਬਾਰ ਥੜ੍ਹਾ ਬਨਾਉਣ ਤੇ ਢਾਹੁਣ ਤੇ ਕੋਈ ਸਵਾਲ ਕੀਤਾ ? ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਨਵੀਂ ਬੰਦੂਕ ਦਾ ਨਿਸ਼ਾਨਾ ਪਰਖਣ ਲਈ, ਇਕ ਇਨਸਾਨ ਨੂੰ ਨਿਸ਼ਾਨੇ ਦਾ Target ਬਨਾਉਣ ਲਈ ਕਿਸੇ ਸਿੱਖ ਨੇ ਸਵਾਲ ਕਰਨਾ ਮੁਨਾਸਿਬ ਸਮਝਿਆ ? ਸਭ ਤੋਂ ਜ਼ਰੂਰੀ, ਕਿਸੇ ਪ੍ਰੇਮੀ ਨੇ ਜੋ ਪੰਜ ਪਿਆਰੇ ਰੂਪ ਵਿਚ ਪ੍ਰਗਟ ਹੋਏ, ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ, ਕਿਉਂ ਸੀਸ ਦੀ ਬਲੀ ਜਾਂ ਭੇਟ ਚਾਹੀਦੀ ਹੈ ? *"ਕਿਉਂਕਿ"* ਇਹਨਾਂ ਸਿੱਖਾਂ ਨੇ *"ਮਨੁ ਬੇਚੈ ਸਤਿਗੁਰ ਕੈ ਪਾਸਿ"* ਕੀਤਾ ਹੋਇਆ ਸੀ, ਅਤੇ ਮਨ ਵਿਚ ਵਸ ਚੁੱਕਾ ਸੀ ਕਿ *"ਜੋ ਤੁਧੁ ਭਾਵੈ ਸਾਈ ਭਲੀਕਾਰ"* ਹੈ। ਗੁਰਬਾਣੀ ਫੁਰਮਾ ਰਹੀ ਹੈ *"ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ।।"* ਕੀ ਡਾਕਟਰ ਇਸ ਕਥਨ ਨੂੰ ਮੰਨ ਸਕਦੇ ਹਨ ? ਔਕਸੀਜ਼ਨ ਦੀ ਅਣਹੋਂਦ ਸਭ ਤੋਂ ਪਹਿਲਾਂ ਦਿਮਾਗ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜੇ ਕੁਝ ਦੇਰ ਬਾਅਦ ਸਾਹ ਚਲ ਭੀ ਪੈਣ ਤਾਂ ਦਿਮਾਗ ਜੀਵਤ ਨਹੀਂ ਹੁੰਦਾ, ਬੰਦੇ ਦੀ ਜਿੰਦਗੀ ਬਨਾਸਪਤੀ ਨੁਮਾ ਹੋ ਸਕਦੀ ਹੈ (Vegetable Existence) ਜਿਹੜੇ ਸਿੱਖ ਦੇ ਮਨ ਵਿਚ ਗੁਰੂ ਦੇ ਹੁਕਮ ਤੇ ਕਿਵੇਂ ਤੇ ਕਿਉਂ ਆਉਂਦਾ ਹੈ, ਉਹ ਸਿੱਖ ਨਹੀਂ ਹੋ ਸਕਦਾ। ਸਿੱਖ ਧਰਮ ਵਿੱਚ ਕਿੰਤੂ ਪ੍ਰੰਤੂ ਨਹੀਂ। ਜਿਹੜੇ ਸਿੱਖ ਅੰਮ੍ਰਿਤ ਛੱਕਣ ਤੇ ਕੇਸਾਧਾਰੀ ਹੋਣ ਦੇ ਸਾਇੰਸ ਦਾ ਆਧਾਰ ਲਭਦੇ ਹਨ, ਬਹੁਤ ਭੁੱਲੇ ਸਿੱਖ ਹਨ, ਪਰ ਭਲੇ ਹਨ ਕਿਉਂਕਿ ਅੰਮ੍ਰਿਤ ਛੱਕਣ ਨੂੰ ਕਹਿੰਦੇ ਹਨ। ਅੱਜ ਜੇ ਸਾਇੰਸ ਕਹਿ ਦੇਵੇ ਕਿ ਸਿਰ ਦੇ ਵਾਲਾਂ ਨਾਲ ਕੈਂਸਰ ਹੋ ਸਕਦਾ ਹੈ, ਕੀ ਅਸੀਂ ਵਾਲਾਂ ਤੋਂ ਬਿਨਾਂ ਜੀਵਾਂਗੇ ? ਜੇ ਸਿੱਖੀ ਧਾਰਨ ਕਰਨ ਨਾਲ ਕੋਈ ਬਿਮਾਰੀ, ਔਕੜ ਆਦਿ ਆਉਂਦੀ ਹੈ, ਪਈ ਆਵੇ, ਕੀ ਪਰਵਾਹ ਹੈ ਗੁਰੂ ਦੇ ਲਾਲ ਨੂੰ ! ਪਰ ਸਿੱਖ ਦੀ ਅਰਦਾਸ ਸਤਿਗੁਰੂ ਕਲਗੀਆਂ ਵਾਲਾ ਆਣ ਨਿਭਾਵੇ, ਸਿੱਖੀ ਕੇਸਾਂ ਸੰਗ ਅਖੀਰਲੇ ਸੁਆਸ ਤੱਕ ਨਿਭ ਸਕੇ।

ਬਿਮਾਰੀ ਦਾ ਕੀ ਇਲਾਜ ਹੈ ? ਪਰਮੇਸ਼ਰ ਨੂੰ ਭੁਲਣ ਤੇ ਸਾਰੇ ਰੋਗ ਪੈਦਾ ਹੁੰਦੇ ਹਨ। ਪਰਮੇਸ਼ਰ ਦੇ ਸਿਮਰਨ ਨਾਲ ਸਾਰੇ ਰੋਗ ਖਤਮ ਹੁੰਦੇ ਹਨ। ਅਸਲੀਅਤ ਤਾਂ ਇਹ ਹੈ ਕਿ ਗੁਰਮਤ ਦੇ ਧਾਰਨੀ ਹੋ ਜਾਓ ਤਾਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਗੁਰਮਤ ਉੱਥੇ ਨਹੀਂ ਹੈ, ਜਿੱਥੇ ਝੂਠ, ਲਾਲਚ, ਕ੍ਰੋਧ, ਡਰ, ਹੰਕਾਰ ਹੈ, ਜਿੱਥੇ ਦਸਾਂ ਨੌਹਾਂ ਦੀ ਕ੍ਰਿਤ ਤੇ ਨੇਕ ਕਮਾਈ ਨਹੀਂ, ਪਰਉਪਕਾਰ ਨਹੀਂ ਹੈ। ਨਿਤਾ ਪ੍ਰਤੀ ਗੁਰਦੁਆਰੇ ਜਾ ਕੇ ਸੰਗਤ ਦੀ ਸੇਵਾ ਕਰੋ, ਗੁਰਬਾਣੀ ਸੰਗਤ ਵਿਚ ਉਚੀ ਬੋਲ ਕੇ ਗਾਓ, ਨਿਤਨੇਮੀ ਹੋਵੋ। ਜਿਵੇਂ ਜਿਵੇਂ ਇਹ ਕਰੋਗੇ, ਬਿਮਾਰੀ ਦੂਰ ਹੁੰਦੀ ਜਾਵੇਗੀ। ਬਿਮਾਰੀ ਰਹਿ ਨਹੀਂ ਸਕਦੀ ਜਿੱਥੇ ਨਾਮ ਹੈ, ਜਦ ਨਾਮ ਰਸ ਮਿਲਦਾ ਹੈ, ਤਾਂ ਦੁਨੀਆਂ ਦੇ ਰਸ ਫਿੱਕੇ ਪੈ ਜਾਂਦੇ ਹਨ ਅਤੇ ਮਨ ਮੁੜ ਪੈਂਦਾ ਹੈ। ਨਾਮ ਰਸ ਗੁਰਦੁਆਰੇ ਜਾਣ ਤੋਂ ਬਿਨਾਂ, ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਤੋਂ ਬਿਨਾਂ ਮਿਲ ਨਹੀਂ ਸਕਦਾ।



www.AKJ.Org

ਸਵਾਲ : ਬੰਦਾ ਮਰ ਕੇ ਕਿੱਧਰ ਚਲਿਆ ਜਾਂਦਾ ਹੈ ?

ਜਵਾਬ : ਮਰਨ ਵੇਲੇ ਜਿੱਧਰ ਨੂੰ ਧਿਆਨ ਹੁੰਦਾ ਹੈ ਤੇਹੋ ਜਿਹਾ ਹੀ ਫਲ ਮਿਲਦਾ ਹੈ।

ਅੰਤਿ ਕਾਲਿ ਜੋ.................

੧. ਅੰਤਿ ਕਾਲਿ ਜੋ ਲਛਮੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ।।
ਸਰਪ ਜੋਨਿ ਵਲਿ ਵਲਿ ਅਉਤਰੈ।।੧।।

(ਅੰਤਿ ਵੇਲੇ ਧਨ-ਪਦਾਰਥ ਚੇਤੇ ਕਰਦਾ ਹੋਇਆ ਮਰਨ ਵਾਲਾ ਬੰਦਾ ਮੁੜ ਮੁੜ ਸੱਪ ਦੀ ਜੂਨੇ ਪੈਂਦਾ ਹੈ।)

੨. ਅੰਤਿ ਕਾਲਿ ਜੋ ਇਸਤ੍ਰੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ।।
ਬੇਸਵਾ ਜੋਨਿ ਵਲਿ ਵਲਿ ਅਉਤਰੈ।।੨।।

(ਅੰਤ ਵੇਲੇ ਇਸਤ੍ਰੀ ਨੂੰ ਚੇਤੇ ਕਰਦਾ ਹੋਇਆ ਮਰਨ ਵਾਲਾ ਬੰਦਾ ਮੁੜ ਮੁੜ ਵੇਸਵਾ ਦਾ ਜਨਮ ਲੈਂਦਾ ਹੈ।)

੩. ਅੰਤਿ ਕਾਲਿ ਜੋ ਲੜਕੇ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ।।
ਸੂਕਰ ਜੋਨਿ ਵਲਿ ਵਲਿ ਅਉਤਰੈ।।੩।।

(ਅੰਤ ਵੇਲੇ ਪੁੱਤਰਾਂ ਨੂੰ ਯਾਦ ਕਰਦਾ ਹੋਇਆ ਮਰਨ ਵਾਲਾ ਮੁੜ ਮੁੜ ਸੂਰ ਦੀ ਜੂਨੇ ਪੈਂਦਾ ਹੈ।)

੪. ਅੰਤਿ ਕਾਲਿ ਜੋ ਮੰਦਰਿ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ।।
ਪ੍ਰੇਤ ਜੋਨਿ ਵਲਿ ਵਲਿ ਅਉਤਰੈ।।੪।।

(ਅੰਤ ਵੇਲੇ ਆਪਣੇ ਘਰ, ਮਹਿਲ ਮਾੜੀਆਂ ਦੇ ਹੌਕੇ ਲੈਂਦਾ ਹੋਇਆ ਮਰਨ ਵਾਲਾ ਮੁੜ ਮੁੜ ਪ੍ਰੇਤ ਬਣਦਾ ਹੈ।)

੫. ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ।।
ਬਦਤਿ ਤਿਲੋਚਨੁ, ਤੇ ਨਰ ਮੁਕਤਾ, ਪੀਤੰਬਰੁ ਵਾ ਕੇ ਰਿਦੈ ਵਸੈ।।੫।। (ਪੰਨਾ ੫੨੬)

(ਭਗਤ ਤ੍ਰਿਲੋਚਨ ਆਖਦਾ ਹੈ ਕਿ ਜੋ ਮਨੁੱਖ ਅੰਤ ਸਮੇਂ ਪਰਮਾਤਮਾ ਨੂੰ ਯਾਦ ਕਰਦਾ ਹੈ ਤੇ ਇਸੇ ਯਾਦ ਵਿਚ ਹੀ ਸਰੀਰ ਛੱਡਦਾ ਹੈ, ਉਹ ਮਾਇਆ ਦੇ ਬੰਧਨਾਂ ਤੋਂ ਆਜ਼ਾਦ (ਮੁਕਤ) ਹੋ ਜਾਂਦਾ ਹੈ। ਉਸ ਦੇ ਹਿਰਦੇ ਵਿਚ ਪਰਮਾਤਮਾ ਆਪ ਵੱਸਦਾ ਹੈ ਭਾਵ ਉਹ ਪਰਮਾਤਮਾਂ ਨਾਲ ਇੱਕ ਮਿੱਕ ਹੋ ਜਾਂਦਾ ਹੈ।

"ਹਰਿ ਜਪਿ ਹਰਿ ਸੋਤੀ ਰਲਿਆ।।" (ਪੰਨਾ ੫੬੨)

ਕਿਉਂ ਜੀ ! ਤੁਸੀਂ ਕਿਹੜੀ ਗੱਡੀ ਚੜ੍ਹਨਾ ਚਾਹੋਗੇ ?

## ਦੇਸੀ ਚਾਹ ਦਾ ਨੁਸਖਾ

1. ਸੌਂਫ 500 ਗ੍ਰਾਮ 2. ਵੱਡੀ ਇਲਾਚੀ 250 ਗ੍ਰਾਮ 3. ਬ੍ਰਹਮੀ 250 ਗ੍ਰਾਮ 4. ਬਨਕਸ਼ਾ 100 ਗ੍ਰਾਮ 5. ਲਾਲ ਚੰਦਨ 500 ਗ੍ਰਾਮ 6. ਮਲੱਠੀ 150 ਗ੍ਰਾਮ 7. ਸੁੰਢ 100 ਗ੍ਰਾਮ 8. ਕਾਲੀ ਮਿਰਚ 50 ਗ੍ਰਾਮ 9. ਤੁਲਸੀ ਪੱਤਰ 250 ਗ੍ਰਾਮ 10. ਮਜੀਠ 100 ਗ੍ਰਾਮ 11. ਧਨੀਆਂ 200 ਗ੍ਰਾਮ 12. ਦਾਲ ਚੀਨੀ 50 ਗ੍ਰਾਮ 13. ਗੁਲਾਬ ਦੇ ਫੁੱਲ 250 ਗ੍ਰਾਮ

500 ਗ੍ਰਾਮ ਉਬਲਦੇ ਪਾਣੀ ਵਿਚ ਉਪਰੋਕਤ ਸਮੱਗਰੀ ਦਾ ਇੱਕ ਚਿਮਚਾ ਮਿਲਾਕੇ ਕੁਝ ਦੇਰ ਉਬਾਲੋ। ਫਿਰ ਆਪਣੀ ਇੱਛਾ ਅਨੁਸਾਰ ਸ਼ਹਿਦ, ਗੁੜ, ਖੰਡ ਅਤੇ ਦੁੱਧ ਮਿਲਾਕੇ ਬੱਚਿਆਂ, ਬੁੱਢਿਆਂ, ਪੁਰਸ਼ਾਂ, ਇਸਤਰੀਆਂ ਆਦਿ ਸਭ ਨੂੰ ਹਰ ਰੁੱਤ ਵਿੱਚ ਦੇ ਸਕਦੇ ਹੋ। ਇਸ ਵਿਚ ਨਿੰਬੂ ਮਿਲਾਕੇ ਨਿੰਬੂ ਚਾਹ ਵੀ ਬਣਾ ਸਕਦੇ ਹੋ।

ਡਾਕਟਰ ਇੰਦਰਜੀਤ ਕੌਰ।

## ਸੂਰਾ ਪੱਤਰ ਨੂੰ ਪੂੰਜੀ ਸਹਾਇਤਾ

| | | | |
|---|---|---|---|
| ਭਾਈ ਰਿਪੁਦਮਨ ਸਿੰਘ ਮਲਿਕ | ੫੦੦੦/- | ਸ੍ਰ: ਹਰਸ਼ਰਨ ਸਿੰਘ ਕੈਨੇਡਾ | ੨੦੦੦/- |
| ਬੀਬੀ ਕੁਲਵਿੰਦਰ ਕੌਰ ਯੂ. ਕੇ | ੨੦੦/- | | |

## ਫਰੀ ਲਿਟਰੇਚਰ ਫੰਡ ਲਈ ਪੂੰਜੀ ਸਹਾਇਤਾ

| | | | |
|---|---|---|---|
| ਬਾਬੂ ਬਲਵੰਤ ਸਿੰਘ ਜੀ ਲੁਧਿਆਣਾ | ੧੦/- | ਭਾਈ ਬੂੜ ਸਿੰਘ ਜੀ. ਸਮਰਾਲਾ | ੨੦੦/- |
| ਗਾਇਲ ਬੈਰਿੰਗ ਏਜੰਸੀ, ਲੁਧਿਆਣਾ | ੫੦੦/- | ਸ੍ਰ: ਸੰਤੋਖ ਸਿੰਘ ਜੀ ਚੰਡੀਗੜ੍ਹ | ੨੦੦/- |
| ਗੁਪਤ | ੧੦/- | | |

### ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਆਦਿ ਕਰਨ ਵਾਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈੱਕ, ਡਰਾਫਟ ਆਦਿ ਭੇਜਣ ਵੇਲੇ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਬਾਰੇ ਲਿਖੋ ਜੀ। 3. ਮਨੀਆਡਰ ਫਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰ:, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਲਿਖੋ ਜੀ।

ਸੰਪਾਦਕ

www.AKJ.Org

Regd. No./12245/66 SURA/FEBRUARY/97 P.O. Regd. No. PB/LD/121/97

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਸੂਚਨਾ

1. ਸੂਰਾ ਮਾਸਿਕ ਪੱਤਰ ਵਿੱਚ ਛਪਵਾਉਣ ਲਈ, ਕਿਸੇ ਸਮਾਗਮ ਸਬੰਧੀ ਜਾਂ ਕੋਈ ਵੀ ਹੋਰ ਸੂਚਨਾ ਪਰਚੇ ਨਾਲ ਸੰਬੰਧਤ ਮਹੀਨੇ ਤੋਂ ਪਹਿਲੇ ਮਹੀਨੇ ਦੀ ਇਕ ਤਰੀਖ ਤੱਕ 'ਸੂਰਾ' ਦੇ ਉਪ-ਦਫ਼ਤਰ (ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ) ਵਿਚ ਪਹੁੰਚ ਜਾਣੀ ਚਾਹੀਦੀ ਹੈ। ਭਾਵ ਕਿ ਅਪ੍ਰੈਲ ਦੇ ਪਰਚੇ ਵਿਚ ਛਪਣ ਲਈ ਸੂਚਨਾ ਇਕ ਮਾਰਚ ਤੱਕ ਪਹੁੰਚ ਜਾਣੀ ਚਾਹੀਦੀ ਹੈ। ਇਸ ਤੋਂ ਬਾਅਦ ਪਹੁੰਚਣ ਵਾਲੀ ਸੂਚਨਾ ਕਿਸੇ ਵੀ ਹਾਲਤ ਵਿੱਚ ਛਪ ਨਹੀਂ ਸਕੇਗੀ। 2. ਸੂਰਾ ਵਿੱਚ ਛਾਪਣ ਲਈ ਕੋਈ ਵੀ ਸੂਚਨਾ ਸਿੱਧੀ 'ਸੂਰਾ' ਦਫ਼ਤਰ ਭੇਜੋ ਜਾਂ ਕੀਰਤਨ ਸਮਾਗਮਾਂ ਤੇ ਸੂਰਾ ਸਟਾਲ ਤੇ ਨੋਟ ਕਰਵਾਓ। ਹੋਰ ਕਿਸੇ ਵਿਅਕਤੀ ਵਿਸ਼ੇਸ਼ ਨੂੰ ਭੇਜੀ ਸੂਚਨਾ ਨਾ ਛਪਣ ਤੇ ਸੂਰਾ ਦਫ਼ਤਰ ਜਿੰਮੇਵਾਰ ਨਹੀਂ ਹੋਵੇਗਾ।

ਸੰਪਾਦਕ

ਮਾਸਿਕ ਰੈਣਿ ਸਬਾਈ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਹਿਮਦਗੜ੍ਹ, 8 ਫਰਵਰੀ ਰਾਤ ਨੂੰ।

ਪਿੰਡ ਬੜੋਏ ਨੇੜੇ ਮੂਲਿਆਂਵਾਲ, ਜ਼ਿਲਾ ਗੁਰਦਾਸਪੁਰ ਵਿਖੇ ਰੈਣਿ ਸਬਾਈ ਕੀਰਤਨ 8 ਫਰਵਰੀ ਰਾਤ ਨੂੰ।

### ਲੁਧਿਆਣਾ ਵਿਖੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਅਖੰਡ ਕੀਰਤਨ ਸਮਾਗਮ

14 ਫਰਵਰੀ 97 ਅੰਮ੍ਰਿਤ ਵੇਲੇ 4.30 ਤੋਂ 7 ਵਜੇ ਤੱਕ ਕੀਰਤਨ ਆਸਾ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ।

16 ਫਰਵਰੀ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ।

ਸਮਾਗਮ ਅਸਥਾਨ :- ਗ੍ਰਿਹਿ ਭਾਈ ਗੋਪਾਲ ਸਿੰਘ ਭਾਈ ਸੁਖਜਿੰਦਰ ਸਿੰਘ, 80, ਨਿਊ ਲਾਜਪਤ ਨਗਰ ਸਾਹਮਣੇ ਜੀ. ਗਲੈਡ ਨਰਸਰੀ, ਪਖੋਵਾਲ ਰੋਡ, ਲੁਧਿਆਣਾ। ਫੋਨ 404045

### ਬਸੰਤ ਪੰਚਮੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ ਪਟਿਆਲਾ ਵਿਖੇ 20 ਤੋਂ 23 ਫਰਵਰੀ, 1997

ਗੁ: ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ 20 ਫਰਵਰੀ ਅੰਮ੍ਰਿਤ ਵੇਲੇ ਕੀਰਤਨ ਆਸਾ ਦੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ। ਸ਼ਾਮ 6:30 ਤੋਂ 8:30 ਸੋਦਰ ਉਪ੍ਰੰਤ ਕੀਰਤਨ।

21 ਫਰਵਰੀ ਸਵੇਰੇ 5 ਤੋਂ 9 ਕੀਰਤਨ ਆਸਾ ਦੀ ਵਾਰ। ਸ਼ਾਮ 6:30 ਤੋਂ 8:30 ਅਖੰਡ ਕੀਰਤਨ ਸਮਾਗਮ।

22 ਫਰਵਰੀ ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ।

ਸ਼ਾਮ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ।

ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਿੰਘ ਸਭਾ ਮਾਲ ਰੋਡ ਵਿਖੇ ਹੀ ਹੋਵੇਗਾ ।

ਅਖੰਡ ਕੀਰਤਨੀ ਜੱਥਾ, ਪਟਿਆਲਾ।

ਪਿੰਡ ਬੁਢੇਵਾਲ (ਚੰਡੀਗੜ੍ਹ ਰੋਡ ਲੁਧਿਆਣਾ) ਭਾਈ ਸੰਤੋਖ ਸਿੰਘ ਦੇ ਗ੍ਰਿਹਿ ਰੈਣਿ ਸਬਾਈ ਕੀਰਤਨ 15 ਮਾਰਚ ਰਾਤ ਨੂੰ।

ਪਿੰਡ ਕੁਰਾਲਾ (ਹੁਸ਼ਿਆਰਪੁਰ) ਵਿਖੇ ਰੈਣਿ ਸਬਾਈ ਕੀਰਤਨ

ਸ਼ਹੀਦ ਭਾਈ ਅਵਤਾਰ ਸਿੰਘ ਜੀ ਦੀ ਯਾਦ ਵਿਚ ਰੈਣਿ ਸਬਾਈ ਕੀਰਤਨ 29 ਮਾਰਚ ਰਾਤ ਨੂੰ।

ਪਿੰਡ ਨੈਣੋਕੋਟ ਜ਼ਿਲਾ ਗੁਰਦਾਸਪੁਰ ਵਿਖੇ ਅਖੰਡ ਪਾਠ ਤੇ ਕੀਰਤਨ ਸਮਾਗਮ

ਭਾਈ ਜੋਗਿੰਦਰ ਸਿੰਘ ਜੀ ਦੇ ਗ੍ਰਿਹਿ ਵਿਖੇ 30 ਮਾਰਚ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦੁਪਹਿਰ ਤੱਕ ਅਖੰਡ ਕੀਰਤਨ ਸਮਾਗਮ।

ਸੂਰਾ ਪੱਤਰ ਜਾਂ ਹੋਰ ਗੁਰਮਤਿ ਸਾਹਿਤ ਰੱਦੀ ਵਿੱਚ ਨਾ ਵੇਚੋ ਜੀ ਸਗੋਂ ਹੋਰ ਸੱਜਣਾਂ ਨੂੰ ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿੱਚ ਹਿੱਸਾ ਪਾਉ ਜੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਭੇਟਾ ਰਹਿਤ ਪ੍ਰਾਪਤ ਕਰਨ ਲਈ ਜਾਂ ਬਿਰਧ ਸਰੂਪਾਂ ਤੇ ਹੋਰ ਗੁਰਬਾਣੀ ਦੇ ਬਿਰਧ ਗੁਟਕਿਆਂ ਦੀ ਅਗਨ ਭੇਟ ਸੇਵਾ ਲਈ ਸੰਪਰਕ ਕਰੋ :- ਗੁ: ਪ੍ਰਭੂ ਸਿਮਰਨ ਕੇਂਦਰ, ਛੋਟੀ ਜਵੱਦੀ, ਨੇੜੇ ਮਾਡਲ ਟਾਊਨ ਐਕਸਟੈਨਸਨ, ਲੁਧਿਆਣਾ। ਫੋਨ : 0161- 457575, 456575

### ਜ਼ਰੂਰੀ ਸੂਚਨਾ

ਲੁਧਿਆਣਾ ਸਮਾਗਮ ਤੇ ਲੰਗਰ ਅਸਥਾਨ ਤੋਂ ਕਿਸੇ ਪ੍ਰੇਮੀ ਦੀ ਰਹੀ ਹੋਈ ਹੱਥ ਘੜੀ ਮਿਲੀ ਹੈ ਜਿਸ ਦੀ ਹੋਵੇ ਉਹ ਗੁ: ਸਿੰਘ ਸਭਾ ਵਿਖੇ ਮਾਡਲ ਟਾਊਨ ਵਿਖੇ ਸੂਰਾ ਦਫਤਰ ਤੋਂ ਲੈ ਸਕਦਾ ਹੈ।

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA-141004

www.AKJ.Org